ੴ ਵਾਹਿਗੁਰੂ ਜੀ ਕੀ ਫ਼ਤਹ


ਮਾਸਿਕ ਪੱਤਰ

# ਸੂਰਾ

ਲੁਧਿਆਣਾ

Monthly LUDHIANA

MARCH 2001




MARCH 2001

www.AKJ.Org

Gagandeep Singh ਗਗਨਦੀਪ ਸਿੰਘ
ਗਗਨਦੀਪ ਸਿੰਘ

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1.ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ੍ਰ ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2.ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3.ਚੰਡੀਗੜ੍ਹ,ਮੋਹਾਲੀ: ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਮੁੰਡੀ ਖਰੜ।
,ਖਰੜ, ਮੋਰਿੰਡਾ: ਟੈਲੀ: 01888-46036

4.ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ੍ਰ ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2 ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ ਦੂਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

6.ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਟੀਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969ਅਜ਼ਾਦ ਨਗਰ, ਨੇੜੇ ਟਿਊਬਵੈੱਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

7 ਜਲੰਧਰ: ਸ੍ਰ ਹਰਜੀਤ ਸਿੰਘ ਬੈਂਕ ਆਫ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ 462065

8.ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

9.ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

10.ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

11 ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2 ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਟ ਬਲਦੇਵ ਨਗਰ ਅੰਬਾਲਾ ਸਹਿਰ
3. ਸ੍ਰ ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ

12.ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819 ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

13.ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ 21253

14.ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15.ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi.24067

16.ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡਟੈਲੀ 46566
2 ਸ੍ਰ ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

17.ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2 ਸ੍ਰ ਨਰਿੰਦਰ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

18.ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624

19ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

20 ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

21.ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

22. ਕੈਨੇਡਾ : 1. ਭਾਈ ਅੰਮ੍ਰਿਤ ਪਾਲ ਸਿੰਘ 20 Newman court, Brampton, Ontario L6S5T1 ਟੈਲੀ :905-4538219
2. ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੫ ਮਾਰਚ ੨੦੦੧ ਅੰਕ ੩


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਹੋਲਾ ਮਹੱਲਾ (ਸ੍ਰੀ ਅਨੰਦਪੁਰ ਸਾਹਿਬ) — 10 ਮਾਰਚ
ਪਾ: ੭ ਗੁਰਿਆਈ ਮਿਲੀ — 22 ਮਾਰਚ
ਪਾ: ੩ ਗੁਰਿਆਈ ਮਿਲੀ — 26 ਮਾਰਚ
ਪਾ: ੨ ਜੋਤੀ ਜੋਤਿ ਸਮਾਏ — 29 ਮਾਰਚ
ਪਾ: ੬ ਜੋਤੀ ਜੋਤਿ ਸਮਾਏ — 30 ਮਾਰਚ

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | 40 ਰੁ | |
| ਅਮਾਨਤੀ ਲਾਈਫ਼ ਮੈਂਬਰ | 400ਰੁ | |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ | 400ਰੁ |
| ਅਮਾਨਤੀ ਲਾਈਫ਼ ਮੈਂਬਰ | 1400ਰੁ | 4000ਰੁ |

## ਚੰਦਾ ਭੇਜਣ ਦਾ ਪਤਾ


ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147
email - 1. suraldh @ yahoo. com
2. gurkedaas@ yahoo.com


ਸੂਰਾ ਪੱਤਰ ਵਿਚ ਛਪੇ ਵਿਚਾਰਾ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।


ਕੰਪਿਊਟਰ ਟਾਈਪ ਸੇਟਿੰਗ : ਮਾਈਕਰੋਨਿਕਸ ਕੰਪਿਊਟਰਜ (ਇੰਡੀਆ) ਡੀ-੯੩, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003


## ਤਤਕਰਾ


() ਗੁਰਦੁਆਰਿਆਂ ਦੇ ਦਰਸ਼ਨ ਦੀਦਾਰ ਤੇ ਸ਼ਸਤਰਾ ਦਾ ਸਤਿਕਾਰ... ੨
() ਹੋਲੇ ਮਹੱਲੇ ਦਾ ਉਦੇਸ਼ ... ੪
() ਹੋਲੀ ਤੋਂ ਹੋਲਾ ਮਹੱਲਾ ... ੭
() ਗੁਰਸਿਖ ਮੀਤ ਚਲਹੁ ਗੁਰ ਚਾਲੀ ... ੧੦
() ਸਾਧ ਕੈ ਸੰਗਿ ਪਾਇ ਨਾਮ ਰਤਨੁ ... ੧੨
() ਸਤਿਗੁਰ ਦੀ ਹੱਟੀ ਤੇ ਅਨੰਦ ਦ ਬਿਉਪਾਰ ... ੧੪
() ਸ਼ਰੇਆਮ ਸਿੱਖੀ ਦਾ ਘਾਣ ... ੧੬
() ਗੁਰਮਤਿ ਸਾਝਾ ... ੧੯
() ਆਰ. ਐਸ. ਐਸ. ਦੇ ਪ੍ਰਚਾਰ ਸਬੰਧੀ ਕੁਝ ਸਵਾਲ ... ੨੦
() ਪਟਕਾ ਰੋਗ ... ੨੧
() ਗੁਰਮਤਿ ਅਤੇ ਮਨਮਤਿ ... ੨੪
() ਸਿਰੋਪਾ ... ੨੫
() ਕਰਮ ਫਿਲਾਸਫ਼ੀ ... ੨੬
() ਸਿੱਖ ਅਧੋਗਤੀ ਦੇ ਰਾਹਾਂ ਤੇ ... ੨੯
() Glorius Past of Sikhs ... ੩੩
() ਸਿੱਖ ਇਤਿਹਾਸ ਵਿਚ ਮਾਰਚ ਦੀਆਂ ਮਹੱਤਵਪੂਰਨ ਘਟਨਾਵਾਂ ੩੫
() ਗੁਰਬਾਣੀ ਸੰਗੀਤ ... ੩੭
() ਖ਼ਬਰਨਾਮਾ ... ੩੮
() ਰਿਸ਼ਤੇ ਨਾਤੇ ... ੩੯
() ਆਉਣ ਵਾਲੇ ਕੀਰਤਨ ਸਮਾਗਮ ... ੪੦



ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

# ਗੁਰਦੁਆਰਿਆਂ ਦੇ ਦਰਸ਼ਨ-ਦੀਦਾਰ ਤੇ ਸ਼ਸਤਰਾਂ ਦਾ ਸਤਿਕਾਰ

*(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)*

ਭੈ ਅਦਬ ਦੀ ਸ੍ਰੇਣੀ ਦੀ ਤਾਬਿਆ ਹੀ ਸਮੂਹ ਗੁਰਦੁਆਰੇ ਸਾਹਿਬਾਨ ਦੀ ਅਦਬ-ਯਾਤਰਾ ਦਾ ਹੁਕਮ ਆਉਂਦਾ ਹੈ। ਯਥਾ ਗੁਰਵਾਕ-

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥ (ਆਸਾ ਮ:੪ ਛੰਤ-੪੫੦)

ਅਜ ਕਲ ਪੱਛਮੀ ਵਿਦਿਆ (ਅਵਿਦਿਆ) ਦੇ ਪੜ੍ਹਾਕੂ ਨਾਮ-ਧਰੀਕ ਸਿਖਾਂ ਨੇ ਗੁਰ-ਅਸਥਾਨਾਂ ਅਗੇ ਸੀਸ ਨਿਵਾਉਣਾ ਅਤੇ ਮਸਤਕ ਟੇਕ ਕੇ ਚਰਨ-ਧੂੜ ਲਾਉਣਾ ਆਪਣੇ ਮਨ ਦੇ ਮਤੇ ਮੂਜਬ ਹੀ ਮਨਮਤ ਸਮਝ ਰਖਿਆ ਹੈ। ਅਜਿਹੇ ਚੰਚਲ-ਮਤੀ ਪੁਰਸ਼ ਜਦੋਂ ਭੀ ਕਿਸੇ ਸਿੰਘ ਬਿਬੇਕੀ ਨੂੰ ਐਸਾ ਕਰਦੇ ਦੇਖਦੇ ਸੁਣਦੇ ਹਨ ਤਾਂ ਕੁ-ਤਰਕ ਟਿਚਰਾਂ ਕਰਦੇ ਹਨ। ਉਹਨਾਂ ਨੂੰ ਆਪਣੇ ਅਗਿਆਨ ਅਤੇ ਗੁਰਮਤਿ-ਹੀਣਤਾ ਦਾ ਪਤਾ ਨਹੀਂ ਹੁੰਦਾ। ਏਸ ਗੁਰਮਤਿ-ਹੀਨ ਅਗਿਆਨ ਦੇ ਅਧੀਨ ਹੋਏ, ਉਹ ਗੁਰਮਤਿ ਦੇ ਗੂੜ੍ਹ ਆਸ਼ੇ ਅਤੇ ਉਚ ਕਮਾਈਆਂ ਤੋਂ ਊਰੇ ਹੀ ਰਹਿ ਜਾਂਦੇ ਹਨ। ਬਿਬੇਕੀ ਗੁਰਮੁਖ ਜਨਾਂ ਦੇ ਸਨਮੁਖ ਗੁਰੂ ਕੇ ਹੁਕਮਾਂ ਦਾ ਪਾਲਣਾ ਕਮਾਉਣਾ ਹੁੰਦਾ ਹੈ। ਉਹਨਾਂ ਹੁਕਮਾਂ ਦੀ ਕਮਾਈ ਫੇਰ, ਉਕਤ ਬਿਬੇਕੀਆਂ ਦੀ ਆਤਮ-ਦ੍ਰਿਸ਼ਟ-ਬ੍ਰਿਤੀ ਨੂੰ ਏਵਡ ਦਿੱਬ ਅਤੇ ਉਚ ਕਰ ਦਿੰਦੀ ਹੈ ਕਿ ਜਿਉਂ ਜਿਉਂ ਗੁਰ-ਅਸਥਾਨਾਂ ਅਗੋਚਰ ਮਸਤਕ ਨਿਵਾਉਂਦੇ ਅਤੇ ਪ੍ਰਣਾਮ-ਬੰਦਨਾਂ ਕਰ ਕਰ, ਪ੍ਰਕਰਮਾਂ ਲੈਂਦੇ ਹਨ, ਤਿਉਂ ਤਿਉਂ ਉਹਨਾਂ ਨੂੰ ਪਰਤੱਖ ਗੁਰੂ ਦੀ ਜਾਗਤ ਜੋਤਿ ਦੇ ਕੌਤਕ-ਕਟਾਖਸ਼ੀ ਚਮਤਕਾਰੇ ਅੰਦਰ ਦਰਸਾਰੇ ਹੁੰਦੇ ਹਨ ਅਤੇ ਜਿਉਂ ਜਿਉਂਇਹ ਕੌਤਕ-ਵਰਤਾਰੇ ਅੰਦਰ ਆ ਕੇ ਵਰਤਦੇ ਹਨ, ਤਿਉਂ ਤਿਉਂ ਉਕਤ ਅਦਬ-ਸਨਮਾਨ ਦੇ ਨਿਛਾਵਰੀ ਤਰੀਕਿਆਂ,ਭੈ-ਭਾਵਨੀਆਂ ਦੀਆਂ ਗੁਰਮਤਿ-ਰਹੁ-ਰੀਤਾਂ ਉਤੇ ਘੋਲੇ ਵਾਰਨੇ ਵੰਞਣ ਨੂੰ ਹੋਰ ਭੀ ਸ਼ਰਧਾ-ਭਾਵਨੀ ਦੀਆਂ ਤਰੰਗਾਂ ਉਠਦੀਆਂ ਹਨ।

## *ਇਤਿਹਾਸਕ ਗੁਰ-ਅਸਥਾਨਾਂ ਤੇ ਸ਼ਹੀਦੀ ਸਥਾਨਾਂ ਲਈ ਤਨ ਮਨ ਧਨ ਵਾਰਨਾ ਤੇ ਸ਼ਸਤਰਾਂ ਦਾ ਸਤਿਕਾਰ :-*

ਇਨ੍ਹਾਂ ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ ਦੀ ਬੇਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨੇਕਾਂ ਪ੍ਰਕਾਰੀ ਘਾਲਣਾ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂਦੀਆਂ ਹਨ; ਕਿਉਂਕਿ ਉਹ ਗੁਰਮਤਿ ਭੈ ਦੀ ਕਮਾਈ ਦੁਆਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ ਅਤੇ ਏਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ ਜਾਨ ਉਪਰ ਦੀ ਖੇਡ ਜਾਣਾ, ਇਕ ਆਤਮ-ਅਨੰਦੀ ਅਵਸਥਾ ਵਿਚ ਅਰੂੜ ਹੋ ਕੇ, ਜੋ ਕੁਝ ਵੀ ਉਹ ਆਪਣੇ ਗੁਰ-ਅਸਥਾਨਾਂ ਦੀ ਰੱਖਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ। ਕੋਈ ਹੈਂਕੜ-ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ। ਕਿਸੇ ਨੂੰ ਭੈ-ਦੇਣ ਅਤੇ ਭੈ ਦਿਖਾਣ ਹਿਤ ਨਹੀਂ ਹੁੰਦਾ। ਪ੍ਰੰਤੂ ਨਿਰਭੈ ਪਦ ਅੰਦਰ ਅਰੂੜ ਹੋਣ ਕਰਕੇ ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਵਿਡਾਣੀ ਚਾਕਰੀ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨਾਂ ਨਮਿਤ ਮਰ ਮਿਟਣ ਵਾਲੀ ਨਿਰਭੈ ਬਿਵਸਥਾ ਤੋਂ ਟਲਦੇ ਹਨ। ਗੁਰੂ-ਦੁਆਰੇ ਸਾਹਿਬਾਨ ਅਤੇ ਗੁਰੂ-ਘਰ ਦੇ ਸ਼ਹੀਦੀ ਅਸਥਾਨਾਂ ਦੀ ਸ਼ਾਨ, ਇੱਜ਼ਤ, ਆਬਰੂ ਕਾਇਮ ਦਾਇਮ ਰੱਖਣ ਲਈ ਤਨ ਮਨ ਧਨ ਦਾ ਹੋਮ ਦੇਣਾ, ਉਨ੍ਹਾਂ ਦੀ ਇਕ ਸਹਿਜ ਸੁਭਾਵੀ ਆਤਮ-ਖੇਡ ਹੈ।

ਗੁਰਦੁਆਰੇ ਸਾਹਿਬ ਦੇ ਅਦਬ-ਸਤਿਕਾਰ ਤੋਂ ਉਤਰ ਕੇ ਫੇਰ ਸ਼ਸਤਰਾਂ ਦਾ ਸਨਮਾਨ-ਅਦਬ ਭੀ ਐਨ ਗੁਰਮਤਿ ਬਿਬੇਕ ਹੈ :-



www.AKJ.Org

ਜਿਤੇ ਸ਼ਸਤ੍ਰ ਨਾਮੰ॥ ਨ੍ਮਸਕਾਰ ਤਾਮੰ॥ ਜਿਤੇ ਅਸਤ੍ਰ ਭਯੰ॥ ਨਮਸਕਾਰ ਤੇਯੰ॥

ਦੇ ਸ੍ਰੀ ਦਸਮੇਸ਼ ਵਾਕ ਦਸਦੇ ਹਨ ਕਿ ਸ਼ਸਤਰਾਂ ਅਸਤਰਾਂ: ਦਾ ਕੈਸਾ ਅਦਬ ਸਨਮਾਨ ਗੁਰੂ-ਘਰ ਅੰਦਰ ਹੈ। ਜੋ ਸ਼ਸਤਰਧਾਰੀ ਹੋ ਕੇ ਸ਼ਸਤਰਾਂ ਦਾ ਅਦਬ-ਸਨਮਾਨ ਨਹੀਂ ਜਾਂਦਦਾ, ਉਸਨੂੰ ਸ਼ਸਤਰਾ ਦੀ ਕਦਰ ਹੀ ਕੀ ? ਧਰਮ-ਯੁਧ ਅਖਾੜੇ ਵਿਚ ਸ਼ਸਤਰ-ਸਨ-ਮਾਨੀ ਸਿੰਘ ਸੂਰਬੀਰ ਦੀ ਸਦਾ ਜੈ ਹੈ। ਉਸੇ ਸੂਰਬੀਰ ਸਿੰਘ ਨੂੰ ਸ਼ਸਤਰ ਸ਼ੋਭਦੇ ਹਨ ਜੋ ਸ਼ਸਤਰਾਂ ਦਾ ਸਨਮਾਨ ਕਰਨਾ ਜਾਣਦਾ ਹੈ। ਜਿਸ ਸ਼ਸਤਰ ਨੂੰ ਆਮ ਸੰਸਾਰੀ ਤਲਵਾਰ ਆਖਦੇ ਹਨ ਉਸ ਦਾ ਪ੍ਰਸਿੱਧ ਨਾਮ ਗੁਰੂ ਖ਼ਾਲਸਾ ਦੀ ਭਾਸ਼ਾ ਅੰਦਰ ਸ੍ਰੀ ਸਾਹਿਬ ਹੈ। ਜਿਸ ਸ਼ਸਤਰ ਦੇ ਨਾਮ ਨੂੰ ਹੀ ਇੰਨਾ ਸਨਮਾਨ ਦਿਤਾ ਗਿਆ ਹੈ ਉਸ ਸ਼ਸਤਰ ਸੰਭਾਲ ਕੇ ਰਖਣ, ਸਜਾਉਣ ਅਤੇ ਚਲਾਉਣ (ਵਰਤਣ) ਵਿਚ ਤਾਂ ਕੇਵਡ ਵਡਾ ਸਨਮਾਨ ਹੋਣਾ ਲੋੜੀਦਾ ਹੈ। ਜਿਨ੍ਹਾਂ ਬਿਬੇਕ-ਹੀਣ ਪੁਰਸ਼ਾਂ ਨੂੰ ਇਸ ਸਨਮਾਨ-ਅਦਬ ਦੀ ਸਾਰ ਨਹੀਂ, ਉਹ ਅਕਸਰ ਸ਼ਸਤਰ-ਸਨਮਾਨ-ਕਰਨਹਾਰੇ ਸਚਿਆਰ ਸਿੰਘ ਨੂੰ ਸ਼ਸਤਰ-ਪੂਜਕ ਨਾਉਂ ਧਰ ਕੇ ਮਖ਼ੌਲ ਕਰਿਆ ਕਰਦੇ ਹਨ। ਜੋ ਸਿੰਘ ਸੂਰਮੇ ਬਿਬੇਕੀ ਹਨ, ਉਹ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ਼ਸਤਰ ਦਾ ਸਨਮਾਨ ਸਿਰੋਂ-ਪਰੰਦ ਹੋ ਕੇ ਕਰਦੇ ਹਨ। ਉਨ੍ਹਾ ਦਾ ਸ਼ਸਤਰਾਂ ਦਾ ਸਨਮਾਨ ਕਰਨਾ ਗੁਰੂ ਕਲਗੀਧਰ ਜੀ ਖੜਗਧਾਰੀ ਦੇ ਹੁਕਮਾ ਦੀ ਪਾਲਣਾ ਕਰਨਾ ਹੈ। ਪਰਵਾਹ ਨਹੀਂ ਲੋਕ ਕੁਛ ਭੀ ਮੇਹਣੇ ਮਾਰਨ, ਬਿਬੇਕੀ-ਜਨ (ਹੁਕਮ ਕਮਾਵਣਹਾਰੇ ਸਿੰਘ) ਨੂੰ ਸਤਿਗੁਰੂ ਦੇ ਹੁਕਮ ਪਾਲਣ ਦਾ ਭੈ, ਸੰਸਾਰੀਆਂ ਦੇ ਮੇਹਣਿਆਂ-ਤੁਖਣਿਆਂ ਦੇ ਭੈ ਨਾਲੋਂ ਕੋਟਾਨ-ਕੋਟ ਦਰਜਾ ਅਧਿਕ ਸ੍ਰੇਸ਼ਟ ਹੈ। ਗੁਰੂ ਦਸਮੇਸ਼ ਦੇ ਸਿੰਘ ਸੂਰਮੇ ਸ਼ਸਤਰ ਜੋ ਧਾਰਨ ਕਰਦੇ ਹਨ, ਸੋ ਲੋਕ-ਦਿਖਾਵੇ ਜਾਂ ਲੋਕਾਂ ਦੀ ਮਨੌਤ ਲਈ ਨਹੀਂ ਕਰਦੇ, 'ਕੇਵਲ ਸਤਿਗੁਰੂ ਸਾਹਿਬ ਜੀ ਦੇ ਹੁਕਮੀ ਬੰਦੇ ਹੋ ਕੇ ਕਰਦੇ ਹਨ। ਹੁਕਮੀ ਬੰਦੇ ਹੋ ਕੇ ਸ਼ਸਤਰਾਂ ਦਾ ਸਨਮਾਨ ਕਰਦੇ ਹਨ ਤੇ ਹੁਕਮੀ ਬੰਦੇ ਹੀ ਹੋ ਕੇ ਸ਼ਸਤਰਾਂ ਨੂੰ ਧਰਮ-ਯੁਧ ਅੰਦਰ ਵਰਤਦੇ ਹਨ। ਇਹ ਨਿਰਭੈ ਅਕਾਲੀ ਪੰਥ ਹੀ ਸ੍ਰੀ ਦਸਮੇਸ਼ ਜੀ ਨੇ ਧਰਮ-ਰਖਿਆ ਲਈ ਚੁਲਾਇਆ ਹੈ। ਭੈ ਦੇਣਹਾਰੇ ਅਧਰਮੀ, ਅਤਿਆਚਾਰੀ ਜਰਵਾਣਿਆਂ ਪਾਸੋਂ, ਦੀਨਾਂ ਗਰੀਬ ਦੀ ਰਖਿਆ ਕਰਨ ਹਿਤ ਜਦ ਭੀ ਲੋੜ ਪਵੇ, ਅਤੇ ਜਦੋਂ ਭੀ ਗੁਰੂ ਅਤੇ ਗੁਰੂ-ਪੰਥ ਦੀ ਆਗਿਆ ਹੋਵੇ, ਤਦੋਂ ਹੀ ਕਾਲ ਦੇ ਭੈ ਤੋਂ ਨਿਰਭੈ ਅਕਾਲੀ ਵੀਰ, ਸ਼ਸਤਰਾਂ ਦੀ ਸਹਾਇਤਾ ਦੁਆਰਾ ਹੀ ਦੁਰਜਨ ਸ਼ਤਰੂਆਂ ਦਾ ਖੈ ਕਰ ਕੇ, ਦੀਨਾਂ ਦੀ ਰਖਿਆ ਕਰਨਗੇ। ਅਤੇ ਜਦ ਕਦੇ ਭੀ ਧਰਮ ਦੀ ਹਾਨੀ ਦਾ ਹੋਰ ਕੋਈ ਇਲਾਜ ਸ਼ਸਤਰ ਉਠਾਏ ਬਗੈਰ ਨਾਂ ਹੋ ਸਕਦਾ ਹੋਵੇ ਤਾਂ ਨਿਧੜਕ ਅਤੇ ਨਿਸ਼ੰਗ ਸ਼ਸਤਰ ਫੜ ਕੇ ਧਰਮ-ਯੁਧ ਅੰਦਰ ਜੁਟ ਜਾਣਗੇ। ਸ੍ਰੀ ਦਸਮੇਸ਼ ਜੀ ਦੇ ਅਵਤਾਰ ਧਾਰਨ ਅਤੇ ਇਹ ਅਵਤਾਰੀ ਸ਼ਸਤਰ-ਧਾਰੀ ਨਿਰਭੈ ਨਿਰੰਕਾਰੀ ਖ਼ਾਲਸਾ (ਅਕਾਲੀ) ਪੰਥ ਚਲਾਣ ਦਾ ਜੋ ਅਸਲ ਅਭਿਪਰਾ ਹੈ, ਉਹ ਸ੍ਰੀ ਦਸਮੇਸ ਜੀ ਦੇ ਹੇਠ ਲਿਖੇ ਸ੍ਰੀ ਮੁਖਵਕ ਬਚਨ ਤੋਂ ਸਪੱਸ਼ਟ ਸਿਧ ਹੈ-

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ ।<br>
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨਿ ਪਕਰਿ ਪਛਾਰੋ ।੪੨।<br>
ਯਾ ਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ ।<br>
ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ ।੪੩।

ਇਸ ਪਰਕਾਰ ਦੇ ਧਰਮ-ਯੁਧ ਦੇ ਸਿਧਾਂਤ ਤੋਂ ਸਖਣੇ ਕਿਸੇ ਹੋਰ ਮਨੋਰਥ ਲਈ, ਸ਼ਸਤਰਧਾਰੀ ਖ਼ਾਲਸਾ ਜੀ ਨੂੰ ਸ਼ਸਤਰ ਉਠਾਉਣ ਦੀ ਆਗਿਆ ਨਹੀਂ । ਧਰਮ-ਰਖਿਆ ਲਈ ਧਰਮ-ਯੁਧ ਦਾ ਸਿਧਾਂਤ-ਆਦਰਸ਼ ਸਦੀਵ ਲਈ ਅਟੱਲ ਦਸ਼ਾ ਵਿਚ ਨੀਯਤ ਹੋ ਗਿਆ ਅਤੇ ਸ਼ਸਤਰਧਾਰੀ ਗੁਰੂ ਖਾਲਸਾ ਪੰਥ ਦੀ ਅਕਾਲੀ ਸਾਜਣਾ ਭੀ ਅਟੱਲਤਾ ਸਹਿਤ ਸਥਾਪਤ ਹੋ ਗਈ । ਹੁਣ ਜੋ ਇਸ ਅਟੱਲ ਤੇ ਅਕਾਲੀ ਆਦਰਸ਼ ਅੰਦਰ ਅਦਲਾ ਬਦਲਾ, ਅਥਵਾ ਹੋਰ ਕਿਸੇ ਪਰਕਾਰ ਦੀ ਗੜਬੜ ਕਰੇਗਾ, ਸੋ ਸ੍ਰੀ ਦਸਮੇਸ਼ ਜੀ ਦੇ ਆਦਰਸ਼ੀ ਸਿਧਾਂਤ ਅਤੇ ਅਟੱਲ ਅਕਾਲੀ ਹੁਕਮਾਂ ਤੋਂ ਬੇਮੁਖ ਹੋਵੇਗਾ । ਕੇਵਲ ਪੇਟ ਪਾਲਣਾ ਦੀ ਖ਼ਾਤਰ ਭਾਟੜਿਆਂ ਆਦਿ

(ਬਾਕੀ ਪੰਨਾ ੧੮ ਤੇ ...)



www.AKJ.Org

# ਹੋਲੇ ਮਹੱਲੇ ਦਾ ਉਦੇਸ਼

(ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ)

ਹਰਿਨਾਮ ਰੰਗ-ਨਾਤੇ, ਮਹਾਬਲੀ ਜੋਧੇ, ਭਗਤ ਪ੍ਰਹਿਲਾਦ ਨੂੰ ਹਰਨਾਕਸ਼ ਦੀ ਕੋਈ ਤਾਕਤ ਵੀ ਨਾ ਝੁੱਕਾ ਸਕੀ ਅਤੇ ਨਾ ਹੀ ਭੈ-ਭੀਤ ਕਰ ਸਕੀ; ਉਹ ਨਾਮ ਦੇ ਮਜੀਠੀ ਰੰਗ ਵਿੱਚ ਰੰਗਿਆ ਅਡੋਲ ਰਿਹਾ। ਉਸ ਦਾ ਕਾਇਆ-ਰੂਪ ਚੋਲਾ ਨਾਮ ਦੇ ਮਜੀਠੀ ਰੰਗ ਵਿੱਚ ਰੰਗੀਜਿਆ ਪਿਆ ਸੀ। ਇਸ ਲਈ ਪ੍ਰਭੂ-ਕੰਤ ਉਸ ਦੇ ਪਾਸ ਸੀ, ਉਸ ਦੇ ਨਿਕਟ ਸੀ, ਉਸ ਦੇ ਅੰਗ-ਸੰਗ ਸੀ। ਫਿਰ ਉਸ ਨੂੰ ਭੈ ਕਾਹਦਾ ? ਹਰਨਾਕਸ਼ ਦੀ ਵਰ-ਪਰਾਪਤ ਭੈਣ ਹੋਲਿਕਾ' ਨੇ ਉਸ ਨੂੰ ਝੋਲੀ ਵਿਚ ਬਿਠਾ ਕੇ ਅਗਨ-ਭੇਟ ਕਰਨਾ ਚਾਹਿਆ, ਪਰ ''ਜਲੇ ਨ ਡੂਬੈ ਗੁਰ ਪ੍ਰਸਾਦਿ'' ਅਤੇ ''ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ''।

ਪ੍ਰਹਿਲਾਦ ਅਗਨ-ਕੁੰਡ ਵਿਚੋਂ ਸਹੀ ਸਲਾਮਤ ਬਚ ਨਿਕਲਿਆ, ਪਰ ਸ਼ਿਵ ਜੀ ਤੋਂ ਵਰ ਪਰਾਪਤ ਹੋਈ ਹੋਲਿਕਾ ਸੁਆਹ ਦਾ ਢੇਰ ਬਣ ਗਈ। ਇਸੇ ਹੋਲਿਕਾ ਦੀ ਯਾਦ ਵਿਚ ਹਿੰਦੂ ਲੋਕ ਹੋਲੀਆਂ ਦੇ ਦਿਨਾਂ ਵਿਚ ਇਸ ਦੀ ਸੁਆਹ ਉਡਾਇਆ ਕਰਦੇ ਹਨ।

ਹੋਲੀਆਂ ਦਾ ਤਿਉਹਾਰ ਖੁਲ੍ਹੀ ਰੁਤ ਆਉਣ ਦੇ ਅਰੰਭ ਸਮੇਂ ਖੁਸ਼ੀਆਂ ਤੇ ਰੰਗਾਂ ਵਿਚ ਮਨਾਇਆ ਜਾਂਦਾ ਸੀ। ਇਕ ਦੂਜੇ ਦੇ ਕਪੜੇ ਗੁਲਾਲ ਨਾਲ ਰੰਗਣੇ ਅਤੇ ਚਾਉ ਮਲ੍ਹਾਰਾਂ ਵਿਚ ਖੇਡਣ ਤੇ ਨੱਚਣ-ਕੁੱਦਣ ਵਿਚ ਖੁੱਲ੍ਹੀ ਰੁਤ ਦਾ ਆਉ ਭਗਤ ਕੀਤਾ ਜਾਂਦਾ ਸੀ। ਪਰ ਸਮੇਂ ਦੇ ਫੇਰ ਨਾਲ ਸਹਿਜੇ ਸਹਿਜੇ ਤਿਉਹਾਰਾਂ ਦੇ ਰੰਗ ਵਿਗੜਦੇ ਗਏ ਅਤੇ ਇਥੋਂ ਤੱਕ ਬੁਰੀ ਹਾਲਤ ਹੋ ਗਈ ਕਿ ਇਹ ਤਿਉਹਾਰ ਮਿੱਟੀ-ਘੱਟੇ ਤੇ ਕੋਲਿਆਂ ਦੀ ਰਾਖ ਉਡਾਉਣ ਤੋਂ ਵਧ ਕੇ ਗੰਦਗੀ ਉਛਾਲਣ ਤਕ ਪੁਜ ਗਿਆ। ਮਾਇਆ ਦੇ ਕੱਚੇ ਕਸੁੰਭੇ ਰੰਗ ਵਿਚ ਭੁਲੀ ਲੁਕਾਈ ਪ੍ਰਭੂ ਨੂੰ ਭੁਲ ਗਈ।

ਮੇਰੇ ਰੰਗਲੇ ਪਾਤਸ਼ਾਹ ਕਲਗੀਧਰ ਪਿਤਾ ਜੀ ਨੇ ਆਚਰਨ ਦੀ ਇਸ ਗਿਰਾਵਟ ਤੋਂ ਆਪਣੇ ਸਿੱਖਾਂ ਨੂੰ ਬਚਾਉਣ ਲਈ ਹੋਲੇ ਮਹੱਲੇ ਦਾ ਤਿਉਹਾਰ ਬਖਸ਼ਿਆ। ਸਿੰਘਾਂ ਨੂੰ ਇਕ ਪਾਸੇ ਤਾਂ ਨਾਮ ਦੇ ਚਲੂਲੇ ਰੰਗਾਂ ਵਿਚ ਰੰਗਿਆ ਅਤੇ ਦੂਜੇ ਪਾਸੇ ਬੀਰ-ਰਸ ਦੇ ਅਲੌਕਿਕ ਤਮਾਸ਼ਿਆਂ ਨਾਲ ਸਰਸ਼ਾਰ ਕੀਤਾ।

'ਸਚ-ਖੰਡ' ਦੇ ਸਨਮੁਖ 'ਕਰਮ-ਖੰਡ' ਦੇ ਪੰਧਾਊਆਂ ਦੇ ਲੱਛਣ ਗੁਰੂ ਨਾਨਕ ਪਾਤਸ਼ਾਹ ਨੇ ਦਸੇ ਹਨ ''ਤਿਥੈ ਜੋਧ ਬਹਾ ਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ'' ਉਹ ਲਛਣ ਦਸਮੇਸ਼ ਪਿਤਾਜੀ ਨੇ ਆਪਣੇ ਗੁਰਸਿਖਾਂ ਵਿਚ ਸਾਮਰਤਖ ਕਰ ਵਿਖਾਏ ਅਤੇ ਆਪਣੇ ਗੁਰਸਿਖਾਂ ਨੂੰ ਕਿਹਾ:-

ਮਨੁ ਰੰਗਹੁ ਵਡਭਾਗੀਹੋ, ਗੁਰੁ ਤੂਠਾ ਕਰੇ ਪਸਾਉ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ, ਹਉ ਸਤਿਗੁਰ ਕੈ ਬਲਿ ਜਾਉ॥ (ਸਿਰੀ ਰਾਗੁ ਮ:੪)(੪੦)

ਸਤਿਗੁਰ ਸਚੇ ਸ਼ਹਿਨਸ਼ਾਹ ਨੇ ਆਪਣੇ ਗੁਰਸਿਖਾਂ ਨੂੰ ਇਹ ਗੱਲ ਦ੍ਰਿੜ ਕਰਾਈ ਕਿ ਲਾਲ ਗੁਲਾਲ ਅਤੇ ਗੂੜ੍ਹੇ ਰੰਗ ਦਾ ਅਨੰਦ ਕੇਵਲ ਨਾਮ ਵਿਚ ਹੈ-

ਲਾਲੁ ਗੁਲਾਲੁ ਗਹਬਰਾ, ਸਚਾ ਰੰਗੁ ਚੜਾਉ ॥(ਸਿਰੀ ਰਾਗੁ ਮ:੧)

ਅਤੇ- ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ॥
ਦੀਨ ਦਇਆਲੁ ਪ੍ਰੀਤਮ ਮਨਮੋਹਨੁ, ਅਤਿ ਰਸ ਲਾਲ ਸਗੂੜੌ॥ (ਪ੍ਰਭਾਤੀ ਮ:੧)

ਰੰਗ-ਰਤੜੇ ਸਾਹਿਬ ਨੇ ਗੁਰਸਿਖਾਂ ਨੂੰ ਪ੍ਰੇਰਿਆ ਅਤੇ ਹਰੇਕ ਅੰਦਰ ਇਹ ਹੂਕ ਪੈਦਾ ਕੀਤੀ-

ਮੇਰੇ ਮਨ, ਹਰਿ ਰਾਮ ਨਾਮਿ ਕਰਿ ਰੰਙੁ॥(੭੩੨)

ਅਤੇ- ਏ ਮਨ ਰੂੜੇ ਰੰਗੁਲੇ, ਤੂੰ ਸਚਾ ਰੰਗੁ ਚੜਾਇ॥
ਰੂੜੀ ਬਣੀ ਜੇ ਰਪੈ, ਨਾ ਇਹੁ ਰੰਗੁ ਲਹੈ ਨ ਜਾਇ॥੧॥ਰਹਾਉ॥(੪੨੭)

ਜਿਹੜੇ ਵਡਭਾਗੀ ਗੁਰਸਿਖ ਨਾਲ ਦੇ ਲਾਲ ਰੰਗ ਵਿਚ ਰੰਗੀਜਦੇ ਹਨ ਉਨ੍ਹਾਂ ਦੀ ਇਹ ਅਵਸਥਾ ਹੋ ਨਿਬੜਦੀ ਹੈ-



www.AKJ.Org

ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ॥
ਨਾਨਕ ਵਿਣੁ ਨਾਵੈ ਆਲੂਦਿਆ, ਜਿਤੀ ਹੋਰੁ ਖਿਆਲੁ॥(੧੦੯੭)

ਉਨ੍ਹਾਂ ਨੂੰ ਨਾਮ ਰੰਗ ਤੋਂ ਬਿਨਾਂ ਹੋਰ ਸਭ ਖ਼ਿਆਲ ਫ਼ਜ਼ੂਲ ਤੇ ਗੰਦੇ ਦਿਸਦੇ ਹਨ ਉਹ ਤਾਂ ਆਪਣੀਆਂ ਸਤਸੰਗੀ-ਸਾਖੀਆਂ ਨਾਲ ਨਾਮ-ਰੰਗ ਦੀ ਹੋਲੀ ਖੇਡਦਿਆਂ ਇਕ ਦੂਜੇ ਨੂੰ ਵੇਖ ਵੇਖ ਵਿਗਸਦੇ ਹਨ ਅਤੇ ਪ੍ਰਸੰਨ ਹੋ ਹੋ ਕੇ ਅਲਾਪਦੇ ਹਨ-

ਲਾਲਨੁ ਰਾਵਿਆ ਕਵਨ ਗਤੀ ਰੀ॥ ਸਖੀ ਬਤਾਵਹੁ ਮੁਝਹਿ ਮਤੀ ਰੀ॥
ਸੂਹਬ ਸੂਹਬ ਸੂਹਵੀ॥ ਅਪਨੇ ਪ੍ਰੀਤਮ ਕੈ ਰੰਗਿ ਰਤੀ॥੧॥ਰਹਾਉ॥(੭੩੯)
ਅਤੇ- ਕਵਨ ਬਨੀ ਰੀ ਤੇਰੀ ਲਾਲੀ॥ ਕਵਨ ਰੰਗਿ ਤੂੰ ਭਈ ਗੁਲਾਲੀ॥੧॥ਰਹਾਉ॥(੩੮੪)

ਅਨੰਦਪੁਰੀ ਵਿਚ ਇਸ ਤਰ੍ਹਾਂ ਦੇ ਨਾਮ-ਰੰਗਾਂ ਦੇ ਦੀਵਾਨ ਸਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਵਿਚ ਬਦਲ ਦਿਤਾ ਅਤੇ ਹੋਲੇ ਦੇ ਨਾਲ 'ਮਹੱਲਾ' ਸ਼ਾਮਲ ਕਰ ਕੇ ਸਿੰਘਾਂ ਨੂੰ ਅਨੰਦੋ ਅਨੰਦ ਕਰ ਦਿਤਾ।

'ਹੋਲਾ ਮਹੱਲਾ' ਸ਼ਬਦ ਦੀ ਵਿਆਖਿਆ ਭਾਈ ਕਾਨ੍ਹ ਸਿੰਘ ਜੀ ਨੇ 'ਮਹਾਨ ਕੋਸ਼' ਵਿਚ ਇਉਂ ਕੀਤੀ ਹੈ-

"ਹਮਲਾ ਅਤੇ ਜਾਯ ਹਮ੍ਲਾ। ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁਧ ਵਿਦਯਾ ਵਿਚ ਨਿਪੁੰਣ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਯਾ ਦੇਂਦੇ ਸੇ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।"

ਅਨੰਦਪੁਰ ਸਾਹਿਬ ਦੇ ਕਿਲ੍ਹੇ ਹੋਲਗੜ੍ਹ ਵਿਖੇ ਦਸਮੇਸ਼ ਜੀ ਨੇ ਦੀਵਾਨ ਸਜਾ ਕੇ ਸੰਮਤ ੧੭੫੭ ਚੇਤਰ ੧ ਨੂੰ ਹੋਲਾ ਮਹੱਲਾ ਖੇਡਣ ਦੀ ਇਹ ਰੀਤ ਚਲਾਈ। ਸੱਚੇ ਪਾਤਸ਼ਾਹ ਨੇ ਦੀਵਾਨ ਵਿਚ ਨਾਮ-ਰੰਗ ਬਖ਼ਸ਼ਿਆ ਅਤੇ 'ਮਹੱਲਾ' ਚੜ੍ਹਾ ਕੇ ਬੀਰ ਰਸ ਪ੍ਰਦਾਨ ਕੀਤਾ। ਇਉਂ ਖ਼ਾਲਸਾ ਜੀ ਨੂੰ ਪੂਰਨ ਸੰਤ-ਸਿਪਾਹੀ ਬਣਾ ਕੇ ਮੁਕੰਮਲ ਕੀਤਾ।

\- - - - - - - - - - - - - -

ਸੱਚਾ ਸੁੱਚਾ ਬੀਰ ਰਸ ਨਾਮ-ਰੰਗ ਤੋਂ ਬਿਨਾ ਉਪਜ ਹੀ ਨਹੀਂ ਸਕਦਾ। ਜਪੁਜੀ ਦੇ ਕਰਮਖੰਡ ਵਿਚ ਨਿਰੰਕਾਰੀ ਪਿਤਾ ਜੀ ਨੇ ਇਸ ਦਾ ਸਪੱਸ਼ਟ ਨਿਰਣਾ ਕੀਤਾ-

ਤਿਥੈ ਜੋਧ ਮਹਾ ਬਲ ਸੂਰ॥ਤਿਨ ਮਹਿ ਰਾਮੁ ਰਹਿਆ ਭਰਪੂਰ॥(੮)

ਨਾਮ ਤੋਂ ਥੋਥਾ ਬੀਰ ਰਸ ਨਿਰਾ ਅਹੰਕਾਰ ਦੀਆਂ ਪੰਡਾਂ ਬੰਨ੍ਹਣੀਆਂ ਹਨ। ਗੁਰੂ ਅਮਰਦਾਸ ਜੀ ਨੇ ਸੂਹੀ ਰਾਗ ਦੀ ਵਾਰ ਵਿਚ ਕਿੰਨੇ ਤਾੜਵੇਂ ਲਫ਼ਜ਼ਾਂ ਵਿਚ ਬਲੀ ਜੋਧਿਆਂ ਨੂੰ ਇਸ ਤੋਂ ਬਚਣ ਦੀ ਹਦਾਇਤ ਕੀਤੀ ਹੈ-

ਨਾਨਕ ਸੋ ਸੂਰਾ ਵਰੀਆਮੁ, ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥(੮੬)

ਅਹੰਕਾਰ ਭਰਿਆ ਬੀਰ ਰਸ ਕਿਸੇ ਦਾ ਕੁਝ ਸੁਆਰ ਨਹੀਂ ਸਕਦਾ, ਸਗੋਂ ਉਹ ਦੀਨਾਂ ਦੁਖੀਆਂ ਤੇ ਗਰੀਬਾਂ ਲਈ ਦੁਖਦਾਈ ਹੁੰਦਾ ਹੈ। ਇਹੋ ਹੰਕਾਰੀ ਬੀਰ ਰਸ ਹੀ ਸੀ ਜਿਸ ਦੇ ਮਦ ਵਿਚ ਅਹਿਮਦ ਸ਼ਾਹ ਅਬਦਾਲੀ ਸਾਲਾਂ-ਬਧੀ ਭਾਰਤ ਦੀਆਂ ਅਬਲਾਵਾ ਦੀ ਆਬਰੂ ਲੁਟਦਾ ਰਿਹਾ, ਪਰ ਦੂਜੇ ਪਾਸੇ ਨਾਮ-ਰੰਗ-ਰਤਾ ਸੰਤ ਸਿਪਾਹੀ ਖ਼ਾਲਸਾ ਜੀ ਉਨ੍ਹਾ ਦੁਖੀ ਅਬਲਾਵਾਂ ਨੂੰ ਜਰਵਾਣਿਆ ਤੋਂ ਵਾਪਸ ਲੈਂਦਾ ਤੇ ਉਨ੍ਹਾ ਦੇ ਘਰਾਂ ਵਿਚ ਪਹੁੰਚਾਉਣ ਦੀ ਪਰਉਪਾਰੀ ਕਾਰ ਕਮਾਉਂਦਾ ਰਿਹਾ। ਸੋ ਖਾਲਸਾ ਜੀ ਨੂੰਬੀਰ ਰਸ ਦੇ ਨਾਲ ਨਾਲ ਨਾਮ-ਰੰਗ ਦੀਆਂ ਖੇਡਾਂ ਖੇਡਣ ਦੀ ਵੀ ਬਾਰਬਾਰ ਹਦਾਇਤ ਮਿਲਦੀ ਰਹਿੰਦੀ ਹੈ ਅਤੇ ਅਸਲ 'ਖ਼ਾਲਸਾ' ਹੋਣ ਦੀ ਗੁਰਬਾਣੀ ਅੰਦਰ ਇਉਂ ਸੋਧ ਮਿਲਦੀ ਹੈ:-

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ॥੧॥


www.AKJ.Org

ਠਾਕੁਰ ਗਾਈਐ ਆਤਮ ਰੰਗਿ॥
ਸਰਣੀ ਪਾਵਨ ਨਾਮ ਧਿਆਵਨ, ਸਹਜਿ ਸਮਾਵਨ ਸੰਗਿ॥੧॥ਰਹਾਉ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ, ਸੰਗਿ ਪੁਨੀਤਾ ਦੇਹੀ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ, ਨਾਨਕ ਕੈ ਸੁਖੁ ਏਹੀ॥੨॥੪॥ (ਧਨਾਸਰੀ ਮ:੫ ੬੭੯-੮੦)

ਖ਼ਾਲਸਾ ਨਾਮ-ਰੰਗ ਰਤਾ ਅਤੇ ਬੀਰ-ਸਿਪਾਹੀ ਹੁੰਦਿਆਂ ਵੀ ਹਉਮੈ-ਅਹੰਕਾਰ ਤੋਂ ਰਹਿਤ ਹੁੰਦਾ ਹੈ। ਉਹ ਨਿਰਮਾਣ ਤੇ ਚਰਨਾਂ ਦੀ ਧੂੜ ਬਣ ਕੇ ਵਿਚਰਦਾ ਹੈ। ਉਹ ਕਿਸੇ ਨੂੰ ਆਪਣਾ ਆਪ ਜਣਾਂਦਾ ਨਹੀਂ ਅਤੇ ਨਾ ਹੀ ਕਿਸੇ ਦਾ ਦਿਲ ਦੁਖਾਂਦਾ ਹੈ; ਪਰ ਜੇ ਕੋਈ ਮੁਸੀਬਤ-ਜ਼ਦਾ ਜ਼ਾਲਮ-ਜਰਵਾਣਿਆਂ ਦੀ ਬੰਦੀ ਵਿਚ ਚਿਚਲਾ ਰਿਹਾ ਹੋਵੇ ਤਾਂ ਉਸ ਦਾ ਬੀਰ-ਰਸ ਅਕਾਸ਼ਾਂ ਨੂੰ ਚੀਰ ਜਾਣ ਦੀ ਸੱਮਰਥਾ ਰਖਦਾ ਹੈ।

ਅਜਿਹੀ ਅਰੂੜ ਬਿਵਸਥਾ ਦੇ ਪੰਧਾਊ, ਨਾਮ-ਚਲੂਲੇ ਰੰਗਾਂ ਵਿਚ ਵਿਚਰ ਰਹੇ ਭਾਈ ਸਰਵਣ ਸਿੰਘ ਫਲੇਵਾਲ ਦੀ ਇਕ ਘਟਨਾ 'ਰੰਗਲੇ ਸਜਣ' ਪੁਸਤਕ ਵਿਚ ਇਉਂ ਦਰਜ ਹੈ-

### ਅੰਬਾਲੇ ਸਟੇਸ਼ਨ ਦਾ ਕੌਤਕ

ਇਕ ਵਾਰ ਅਸੀਂ ਜੱਥੇ ਸਮੇਤ ਸਣੇ ਭਾਈ ਸਰਵਣ ਸਿੰਘ ਜੀ ਦੇ ਅੰਬਾਲੇ ਛਾਉਣੀ ਨੂੰ ਸਿਰੀ ਬਾਊ ਮਲ ਸਿੰਘ ਅਤੇ ਪਿਆਰਾ ਸਿੰਘ ਜੀ ਦੇ ਪਿਆਰੇ ਪਿਆਰੇ ਦਰਸ਼ਨਾਂ ਨੂੰ ਜਾ ਰਹੇ ਸਾਂ। ਅੰਬਾਲੇ ਦੇ ਸਟੇਸ਼ਨ ਤੇ ਪੁਜੇ ਤਾਂ ਉਥੇ ਹੋਰ ਬਹੁਤ ਸਾਰੇ ਸਜਣ ਤਾਂ ਹੋਰ ਰੁਝਣੀ ਰੁਝ ਗਏ; ਭਾਈ ਸਰਵਣ ਸਿੰਘ ਜੀ ਇੱਕਲੇ ਸਮਾਧ-ਸਥਿਤ ਖਲੋਤੇ ਹੀ ਰਹਿ ਗਏ, ਜਿਥੇ ਕਿ ਰੇਲ-ਗੱਡੀ ਆਈ 'ਤੇ ਟਿਕਟ ਮਿਲਿਆ ਕਰਦੇ ਸਨ। ਜਦੋਂ ਉਹ ਖਲੋਤੇ ਸਨ ਉਥੇ ਕੋਈ ਆਦਮੀ ਨਹੀਂ ਸੀ। ਅਸੀ ਜ਼ਰਾ ਕੁ ਦੁਰੇਡੇ ਛਾਉਣੀ ਨੂੰ ਪੈਦਲ ਜਾਣ ਦੀ ਤਿਆਰੀ ਵਿਚ ਰੁਝੇ ਹੋਏ ਸੀ। ਇਤਨੇ ਨੂੰ ਗੱਡੀ ਕਿਸੇ ਪਾਸਿਉਂ ਆ ਗਈ ਅਤੇ ਟਿਕਟ ਵਿਕਣ ਲਗ ਪਏ। ਉਥੇ ਖ਼ਾਸਾ ਇੱਕਠ, ਹੋ ਗਿਆ, ਟਿਕਟ ਖ਼ਰੀਦਣ ਵਾਲਿਆਂ ਦਾ। ਪੁਲਸ ਦਾ ਇਕ ਹੱਟਾ-ਕੱਟਾ ਸਿਪਾਹੀ ਆਪਣੀ ਡੀਊਟੀ 'ਤੇ ਉਥੇ ਆ ਗਿਆ। ਪਰ ਭਾਈ ਸਰਵਣ ਸਿੰਘ ਜੀ ਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਤੇ ਕੌਣ ਗਿਆ ਹੈ। ਉਹ ਸਮਾਧ-ਸਥਿਤ ਇਕੋ ਹੀ ਜਗ੍ਹਾ ਤੇ ਟਿਕੇ ਰਹੇ। ਪੁਲਸ ਦੇ ਸਿਪਾਹੀ ਨੇ ਬੁਤ ਵਾਂਗ ਅਹਿਲ ਖਲੋਤੇ ਭਾਈ ਸਰਵਣ ਸਿੰਘ ਜੀ ਨੂੰ ਦੋ ਚਾਰ ਵਾਰ ਹਲੂਣਿਆ ਤੇ ਬੁਲਾਇਆ, ਪਰ ਉਹ ਬੋਲੇ ਕੁਸਕੇ ਨਹੀਂ। ਕ੍ਰੋਧ-ਆਤਰ ਹੋ ਕੇ ਸਿਪਾਹੀ ਨੇ ਵੱਟ ਕੇ ਚਪੇੜ ਮਾਰੀ ਭਾਈ ਜੀ ਦੇ ਮੁਖਾਰਬਿੰਦ 'ਤੇ। ਭਾਈ ਸਰਵਣ ਸਿੰਘ ਜੀ ਦੇ ਜਦ ਅੱਖ ਉਘੜੀ ਤਾਂ ਸਿਪਾਹੀ ਨੇ ਡਾਟ ਕੇ ਆਖਿਆ-"ਤੈਨੂੰ ਪਤਾ ਨਹੀਂ ਏਥੇ ਟਿਕਟ ਬਟਦੇ ਹਨ? ਤੈਨੂੰ ਕਈ ਵਾਰ ਬੁਲਾਇਆ ਤੇ ਕਿਹਾ ਹੈ ਕਿ ਇਥੇ ਟਿਕਟ ਬਟਦੇ ਹਨ, ਇਸ ਜਗ੍ਹਾ ਖਲੋਣ ਦਾ ਹੁਕਮ ਨਹੀਂ। ਹੁਣ ਚਪੇੜ ਮਾਰੀ ਤੇ ਸੁਚੇਤ ਹੋਇਆ ਹੀ ਹੈਂ ਜੇ ਪਹਿਲਾਂ ਹੀ ਹੋ ਜਾਂਦਾ ?"

ਭਾਈ ਸਰਵਣ ਸਿੰਘ ਜੀ ਨੂੰ ਇਸ ਚਪੇੜ ਮਾਰਨ ਦਾ ਰੰਚਕ ਭੀ ਰੋਸ-ਗੁੱਸਾ ਨਹੀਂ ਆਇਆ। ਉਲਟੇ ਉਸ ਸਿਪਾਹੀ ਦੇ ਧੜੰਮ ਦੇ ਕੇ ਪੈਰਾਂ 'ਤੇ ਡਿੱਗ ਪਏ ਅਤੇ ਆਖਿਆ, "ਭਾਈ, ਮੈਥੋਂ ਭੁਲ ਹੋ ਗਈ ਹੈ"..............

ਤਿਸ ਪਰ ਪਾਸ ਖਲੋਤਾ ਇਕ ਆਰੀਆ ਮਹਾਸ਼ਾ ਇਉਂ ਤੁੰਝਲਾ ਉਠਿਆ-ਕਿ ਇਸ ਸਿੱਖ ਨੇ ਡਰਦੇ ਮਾਰੇ ਨੇ ਸਿਪਾਹੀ ਦੇ ਪੈਰ ਫੜੇ ਹਨ। ਕਮਜ਼ੋਰ ਸੀ, ਕਮਜ਼ੋਰੀ ਦੇ ਕਾਰਨ ਉਸ ਦੇ ਅਗੇ ਹੀਣਾ-ਝੀਣਾ ਹੋ ਗਿਆ। ਅਸੀਂ ਆਖਿਆ ਏਵੇਂ ਹੀ ਸਹੀ-ਤੇਰੀ ਅਕਲ ਏਵੇਂ ਹੀ ਕੰਮ ਕਰਦੀ ਹੈ। ਅਸੀਂ ਤੇਰੇ ਨਾਲ ਝਗੜਨਾ ਥੋੜ੍ਹਾ ਹੈ। ਇਹ ਗੱਲ ਕਹਿ ਕੇ ਸਾਰਾ ਜੱਥਾ ਭਾਈ ਸਰਵਣ ਸਿੰਘ ਜੀ ਨੂੰ ਲੈ ਕੇ ਅੰਬਾਲਾ ਛਾਉਣੀ ਦੇ ਰਸਤੇ ਵਲ ਤੁਰ ਪਏ। ਗੁਰੂ ਕੀ ਨੇਤ ਐਸੀ ਹੋਈ ਕਿ ਉਸ ਮਹਾਸ਼ਾ ਜਨ ਨੇ ਭੀ ਸਦਰ ਬਾਜ਼ਾਰ ਛਾਉਣੀ ਜਾਣਾ ਸੀ।ਉਹ ਵੀ ਸਾਡੇ ਨਾਲ ਹੋ ਗਿਆ। ਰਸਤੇ ਵਿਚ ਜਾਂਦੇ ਜਾਦੇ ਅਧਵਾਟੇ ਰਹਿਰਾਸ ਸਾਹਿਬ ਦਾ ਸਮਾ ਹੋ ਗਿਆ। ਪਾਸ ਹੀ ਕੂੰਅ ਸੀ। ਉਥੇ ਹੀ ਪੰਜ-ਇਸ਼ਨਾਨਾ ਕਰਕੇ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਗੇ ਜਾਣਾ ਮਿਥਿਆ। ਅਸੀਂ ਮੈਦਾਨ ਵੀ ਜਾਣਾ ਸੀ। ਪਾਸ ਹੀ ਗੂੜ੍ਹੇ ਬ੍ਰਿਛਾ ਦੀ ਇਕ ਝਿੜੀ ਸੀ। ਮੈਂ ਤੇ ਭਾਈ

(ਬਾਕੀ ਪੰਨਾ ੯ ਤੇ ...)



www.AKJ.Org

Akashdeep Kaur

# ਹੋਲੀ ਤੋਂ ਹੋਲਾ ਮਹੱਲਾ

(ਸ੍: ਸੁਖਦੇਵ ਸਿੰਘ ਸ਼ਾਂਤ) .

ਹੋਲੀ ਦੇ ਤਿਉਹਾਰ ਦਾ ਆਧਾਰ ਮਹਾਂਭਾਰਤ ਅਤੇ ਪੁਰਾਣਾਂ ਵਿਚ ਹਿਰਣਯਕੱਸ਼ਪ ਅਤੇ ਉਸ ਦੇ ਪੁੱਤਰ ਪ੍ਰਹਿਲਾਦ ਨਾਲ ਸੰਬੰਧਿਤ ਇਕ ਕਥਾ ਹੈ। ਭਗਤ ਸਾਹਿਬਾਨ ਅਤੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਇਸ ਕਥਾ ਦਾ ਵਰਣਨ ਕਈ ਥਾਵਾ 'ਤੇ ਕੀਤਾ ਹੈ। ਏਨਾ ਫਰਕ ਜ਼ਰੂਰ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਿਰਣਯਕੱਸ਼ਪ ਦੀ ਥਾਂ ਹਰਨਾਖਸ਼ ਨਾਂ ਦੀ ਵਰਤੋਂ ਕੀਤੀ ਗਈ ਹੈ। ਹਰਨਾਖਸ਼ ਜਾਂ ਹਿਰਣਯਕੱਸ਼ਪ ਦੋ ਜੋੜੇ ਭਰਾ ਸਨ। ਨਾਵਾਂ ਦਾ ਅੰਤਰ ਕੋਈ ਖਾਸ ਮਹੱਤਤਾ ਨਹੀਂ ਰੱਖਦਾ, ਮਹੱਤਤਾ ਤਾਂ ਇਸ ਕਥਾ ਦੀ ਹੈ।

ਇਸ ਪੌਰਾਣਿਕ ਕਥਾ ਅਨੁਸਾਰ ਪ੍ਰਹਿਲਾਦ ਪ੍ਰਭੂ ਦਾ ਇਕ ਭਗਤ ਸੀ। ਬਚਪਨ ਵਿਚ ਹੀ ਪ੍ਰਭੂ ਦਾ ਨਾਮ ਉਸ ਦੇ ਮਨ ਵਿਚ ਤੇ ਜੀਭ 'ਤੇ ਹਰ ਵੇਲੇ ਰਹਿੰਦਾ ਸੀ। ਉਸ ਦਾ ਪਿਉ ਬਹੁਤ ਸ਼ਕਤੀਸ਼ਾਲੀ ਸੀ ਅੰਤੇ ਮੌਤ ਤਾਂ ਬੱਚਣ ਦੇ ਕਈ ਵਰ ਪ੍ਰਾਪਤ ਕਰ ਚੁੱਕਾ ਸੀ। ਉਹ ਚਾਹੁੰਦਾ ਸੀ ਕਿ ਪ੍ਰਹਿਲਾਦ ਉਸ ਦਾ ਨਾਂ ਹੀ ਜਪੇ। ਪ੍ਰਭੂ ਦਾ ਨਾਮ ਜਪਣਾ ਉਸ ਨੂੰ ਪ੍ਰਵਾਨ ਨਹੀਂ ਸੀ। ਉਸ ਨੇ ਪ੍ਰਹਿਲਾਦ ਨੂੰ ਕਈ ਤਰ੍ਹਾਂ ਨਾਲ ਤਸੀਹੇ ਦੇਣ ਅਤੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਪ੍ਰਹਿਲਾਦ ਭਗਤ, ਪ੍ਰਭੂ ਦੀ ਭਗਤੀ ਸਦਕਾ ਹਰ ਵਾਰ ਸਲਾਮਤ ਰਿਹਾ। ਆਖ਼ਰਕਾਰ ਕਾਲ ਨੇ ਪ੍ਰਹਿਲਾਦ ਦੇ ਪਿਤਾ ਨੂੰ ਸਾਰੇ ਵਰਾਂ ਦੇ ਬਾਵਜੂਦ ਆ ਦਬੋਚਿਆ। ਪ੍ਰਹਿਲਾਦ ਭਗਤ ਦੀ ਭੂਆ ਢੁੰਡਾ (ਹੋਲਿਕਾ) ਵੀ ਅੱਗ ਦੁਆਰਾ ਨਾ ਸੜਨ ਦੇ ਵਰ ਦੇ ਬਾਵਜੂਦ ਖਤਮ ਹੋ ਗਈ ਪਰ ਪ੍ਰਹਿਲਾਦ ਨੂੰ ਕੁਝ ਨਾ ਹੋਇਆ।

ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਇਸ ਕਥਾ ਨੂੰ ਸੰਕੇਤਕ ਰੂਪ ਵਿਚ ਬਿਆਨ ਕਰਦੇ ਹੋਏ ਸਿੱਟਾ ਕੱਢਦੇ ਹਨ :

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥ (ਪੰਨਾ ੪੫੧)

ਗੁਰੂ ਅਮਰਦਾਸ ਜੀ ਦਾ ਇਸ ਕਥਾ ਸੰਬੰਧੀ ਪਵਿੱਤਰ ਫ਼ਰਮਾਨ ਹੈ :

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥ (ਪੰਨਾ੬੩੭)

ਭਗਤ ਪ੍ਰਹਿਲਾਦ ਨਾਲ ਸੰਬੰਧਤ ਇਹ ਕਥਾ ਸਾਨੂੰ ਕੁਝ ਸਿਧਾਂਤਾਂ ਦੀ ਸਿੱਖਿਆ ਦਿੰਦੀ ਹੈ ਜੋ ਮੁੱਖ ਤੌਰ 'ਤੇ ਇਹ ਹਨ :

੧. ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਵੀ ਹਸਤੀ ਮੌਤ ਤੋਂ ਰਹਿਤ ਨਹੀਂ ਹੈ। ਹਰਨਾਖਸ਼ ਹਿਰਣਯਕੱਸ਼ਪ, ਹੋਲਿਕਾ ਆਦਿ ਸ਼ਕਤੀਆਂ ਜਾਂ ਵਰ ਪ੍ਰਾਪਤ ਕਰਨ ਦੇ ਬਾਵਜੂਦ ਵੀ ਮੌਤ ਤੋਂ ਨਹੀਂ ਬਚ ਸਕੇ।

੨. ਅਕਾਲ ਪੁਰਖ ਸਦਾ ਆਪਣੇ ਭਗਤਾਂ ਦੀ ਪੈਜ ਰੱਖਦਾ ਹੈ। ਪ੍ਰਹਿਲਾਦ ਭਗਤ ਦੀ ਪੈਜ ਉਸ ਨੇ ਆਪਣੇ ਇਸ ਗੁਣ ਸਦਕਾ ਹੀ ਰੱਖੀ।

੩. ਭਗਤੀ ਅਤੇ ਸੱਚ ਦੇ ਰਸਤੇ 'ਤੇ ਤੁਰਨ ਲਈ ਦ੍ਰਿੜ੍ਹਤਾ, ਦਲੇਰੀ ਅਤੇ ਅਟੱਲ ਵਿਸ਼ਵਾਸ ਜ਼ਰੂਰਤ ਹੈ। ਇਸ ਰਸਤੇ 'ਤੇ ਤੁਰਨ ਵਾਲਿਆਂ ਨੂੰ ਡਰ, ਲਾਲਚ ਅਤੇ ਦੁੱਖ ਨਹੀਂ ਰੋਕ ਸਕਦੇ।

ਭਗਤ ਪ੍ਰਹਿਲਾਦ ਨੇ ਆਪਣੀ ਦ੍ਰਿੜ੍ਹ ਭਗਤੀ ਰਾਹੀਂ ਬੜੀ ਦਲੇਰੀ ਨਾਲ ਮੁਸੀਬਤਾਂ ਦਾ ਸਾਹਮਣਾ ਕੀਤਾ ਪਰ ਭਗਤੀ ਦੇ ਰਸਤੇ 'ਤੇ ਚੱਲਣ ਵਿਚ ਕੋਈ ਰੁਕਾਵਟ ਮਨਜ਼ੂਰ ਨਹੀਂ ਕੀਤੀ। ਇਸੇ ਦ੍ਰਿੜ੍ਹਤਾ ਅਤੇ ਅਟੱਲ ਵਿਸ਼ਵਾਸ ਨੂੰ ਇਕ ਆਦਰਸ਼ ਮੰਨਦੇ ਹੋਏ ਭਗਤ ਕਬੀਰ ਜੀ ਨੇ ਫ਼ਰਮਾਇਆ :

ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ (ਪੰਨਾ ੩੩੭)

ਇਹ ਇਕ ਸਤਕਾਰ ਹੈ, ਜੋ ਭਗਤ ਕਬੀਰ ਜੀ ਨੇ ਪ੍ਰਹਿਲਾਦ ਅਤੇ ਧਰੂ ਭਗਤ ਨੂੰ ਦਿੱਤਾ ਹੈ। ਕਿੰਨੀ ਵੱਡੀ ਗੱਲ ਹੈ ਕਿ ਜੇ ਪ੍ਰਭੂ ਦਾ ਨਾਮ ਜਪਣਾ ਹੈ ਤਾਂ ਉਸ ਤਰ੍ਹਾਂ ਜਪੋ ਜਿਵੇਂ ਧਰੂ ਅਤੇ ਪ੍ਰਹਿਲਾਦ ਨੇ



www.AKJ.Org

ਜਪਿਆ ਸੀ । ਕਿਸੇ ਸ਼ਖਸੀਅਤ• ਦਾ ਆਦਰਸ਼ ਬਣ ਜਾਣਾ, ਉਦਾਹਰਣ ਬਣ ਜਾਣਾ ਜਾਂ ਮਾਡਲ ਬਣ ਜਾਣਾ, ਦੂਜੇ ਅਰਥਾਂ ਵਿਚ ਇਕ ਇਤਿਹਾਸ ਬਣ ਜਾਣਾ ਹੀ ਤਾਂ ਹੈ ।

ਹੋਲੀ ਦੇ ਤਿਉਹਾਰ ਦਾ ਆਧਾਰ ਕਿੰਨਾ ਵੱਡਾ ਹੈ । ਇਸ ਤਿਉਹਾਰ ਨੂੰ 'ਰੰਗਾਂ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਰੰਗ ਪਾਉਣਾ ਜਾਂ ਰੰਗ ਡੋਲ੍ਹਣਾ ਖੁਸ਼ੀ ਪ੍ਰਗਟ ਕਰਨ ਦਾ ਪ੍ਰਤੀਕ ਮੰਨੇ ਜਾਂਦੇ ਹਨ। ਖੁਸ਼ੀ ਦਾ ਆਧਾਰ ਕੀ ਹੈ ? ਖੁਸ਼ੀ ਦਾ ਆਧਾਰ ਇਹ ਹੈ ਕਿ ਭਗਤੀ ਅਤੇ ਸੱਚਾਈ ਦੀ ਜਿੱਤ ਹੋਈ ਹੈ ਅਤੇ ਦੁਸ਼ਟਾਂ ਦਾ ਖਾਤਮਾ ਹੋਇਆ ਹੈ। ਖੁਸ਼ੀ ਮਨਾਉਣ ਦਾ ਲਾਭ ਤਾਂ ਹੀ ਹੈ, ਜੇ ਮਨਾਉਣ ਵਾਲਿਆਂ ਦੇ ਮਨਾਂ ਵਿਚ ਵੀ ਭਗਤੀ ਅਤੇ ਸੱਚਾਈ ਦੇ ਗੁਣਾ ਦਾ ਪ੍ਰਵੇਸ਼ ਹੋਵੇ। ਹੋਲੀ ਵਾਲੇ ਦਿਨ ਸਭ ਤੋਂ ਪਹਿਲੀ ਗੱਲ ਤਾਂ ਭਗਤ ਪ੍ਰਹਿਲਾਦ ਨੂੰ ਅਤੇ ਪ੍ਰਭੂ ਨੂੰ ਯਾਦ ਕਰਨਾ ਹੀ ਹੋਣੀ ਚਾਹੀਦੀ ਹੈ।

ਗੁਰੂ ਸਾਹਿਬਾਨ ਨੇ ਰੰਗਾ ਨੂੰ ਪ੍ਰਤੀਕ ਵਜੋਂ ਖੂਬ ਵਰਤਿਆ ਹੈ। ਇਕ ਰੰਗ ਕਸੁੰਭੜੇ ਦਾ ਹੈ ਅਤੇ ਦੂਜਾ ਮਜੀਠ ਦਾ। ਕਸੁੰਭੜੇ ਦਾ ਰੰਗ ਵੇਖਣ ਨੂੰ ਲਾਲ ਸੂਹਾ ਹੈ, ਅੱਖਾਂ ਨੂੰ ਭਾਉਂਦਾ ਹੈ ਅਤੇ ਅੱਗ ਦੀ ਲਾਟ ਵਰਗਾ ਹੈ। ਪਰ ਇਸ ਵਿਚ ਕਮੀ ਇਹ ਹੈ ਕਿ ਇਹ ਛੇਤੀ ਹੀ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਉਤਰ ਜਾਂਦਾ ਹੈ। ਇਹ ਕੱਚਾ ਰੰਗ ਹੈ। ਗੁਰੂ ਸਾਹਿਬਾਨ ਇਸ ਰੰਗ ਨੂੰ ਮਾਇਆ ਦੇ ਰੰਗ ਵਜੋਂ ਬਿਆਨ ਕਰਦੇ ਹਨ। ਮਾਇਆ ਦੀ ਖਿੱਚ ਬਹੁਤ ਸੁਹਾਵਣੀ ਹੈ। ਮਜੀਠ ਵੇਲ ਦਾ ਰੰਗ ਵੀ ਲਾਲ ਹੈ ਪਰ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਇਹ ਉਤਰਦਾ ਨਹੀਂ। ਇਹ ਪੱਕਾ ਰੰਗ ਹੈ। ਗੁਰੂ ਸਾਹਿਬਾਨ ਇਸ ਨੂੰ ਨਾਮ ਦਾ ਰੰਗ ਕਹਿੰਦੇ ਹਨ। ਹੁਣ ਜੇ ਰੰਗ ਚੁਣਨਾ ਹੀ ਹੈ ਤਾਂ ਕਿਉਂ ਨਾ ਮਜੀਠ ਦਾ ਰੰਗ ਵਰਤਿਆ ਜਾਵੇ ? ਗੁਰਬਾਣੀ ਹੋਲੀ ਨੂੰ ਮਨਾਉਣ ਦਾ ਅਸਲ ਮਕਸਦ ਬਿਆਨ ਕਰਦੀ ਹੈ। ਭਗਤ ਲੋਕ ਕਿਵੇਂ ਹੋਲੀ ਮਨਾਉਂਦੇ ਹਨ ? ਤਾਂ ਉਤਰ ਦਿੰਦੇ ਹੋਏ ਗੁਰੂ ਅਰਜਨ ਸਾਹਿਬ ਜੀ ਬਸੰਤ, ਫਾਗ ਅਤੇ ਹੋਲੀ ਤਿੰਨਾ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਫ਼ਰਮਾਉਂਦੇ ਹਨ :

ਆਜੁ ਹਮਾਰੈ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ ਬੇਅੰਤ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥
ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥੨॥
ਮਨੁ ਤਨੁ ਮਉਲਿਓ ਅਤਿ ਅਨੂਪ॥ ਸੂਕੈ ਨਾਹੀ ਛਾਵ ਧੂਪ॥
ਸਗਲੀ ਰੂਤੀ ਹਰਿਆ ਹੋਇ॥ ਸਦ ਬਸੰਤ ਗੁਰ ਮਿਲੇ ਦੇਵ॥੩॥(ਬਸੰਤ ਮ: ੫)(ਪੰਨਾ ੧੧੮੦)

ਬਸੰਤ, ਫਾਗ ਜਾਂ ਹੋਲੀ ਕੁਝ ਵੀ ਹੋਵੇ, ਪ੍ਰਭੂ ਦੀ ਭਗਤੀ ਕਰ ਕੇ ਹੀ ਅਸਲ ਖੁਸ਼ੀ ਪ੍ਰਾਪਤ ਹੁੰਦੀ ਹੈ। ਸੋ ਹੋਲੀ ਮਨਾਉਂਦਿਆਂ ਉਸ ਪ੍ਰਭੂ ਨੂੰ ਯਾਦ ਕੀਤਾ ਜਾਵੇ, ਜਿਸ ਦੀ ਮਿਹਰ ਸਦਕਾ ਇਹ ਸਾਰੀ ਖੁਸ਼ੀ ਪ੍ਰਾਪਤ ਹੋਈ ਹੈ। ਪਰ ਹੁੰਦਾ ਕੀ ਸੀ ? ਅਤੇ ਹੋ ਕੀ ਰਿਹਾ ਹੈ ? ਹੋਲੀ ਮਨਾਉਣ ਲਈ ਗੰਦਾ ਪਾਣੀ ਅਤੇ ਚਿੱਕੜ ਤਕ ਪਾਉਣ ਦੀਆਂ ਕੋਝੀਆਂ ਅਸੱਭਯ ਰਵਾਇਤਾਂ ਜਾਰੀ ਹਨ। ਨੌਜੁਵਾਨ ਮੁੰਡੇ-ਕੁੜੀਆਂ ਇਸ ਤਿਉਹਾਰ ਨੂੰ ਮਨੋਰੰਜਨ ਅਤੇ ਛੇੜਖਾਨੀ ਦਾ ਵਧੀਆ ਸਾਧਨ ਸਮਝਦੇ ਹਨ। ਟੋਲਿਆਂ ਦੇ ਟੋਲੇ ਸਕੂਟਰਾਂ ਨੂੰ ਭਜਾਉਂਦੇ, ਇਧਰ-ਉਧਰ ਰੌਲਾ ਪਾਉਂਦੇ ਹੋਏ, ਆਮ ਲੋਕਾਂ ਲਈ ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਕਾਰਨ ਬਣਦੇ ਹਨ। ਹੋਲੀ ਦੇ ਮੌਕੇ 'ਤੇ ਲੜਾਈ, ਦੰਗੇ ਅਤੇ ਝਗੜੇ, ਫ਼ਸਾਦ ਆਮ ਵੇਖਣ ਨੂੰ ਮਿਲਦੇ ਹਨ। ਕਈ ਪ੍ਰਾਂਤਾਂ ਵਿਚ ਹੋਲੀ ਤੇ ਤਿਉਹਾਰ ਮੌਕੇ ਕਾਮੁਕ-ਪ੍ਰਵਿਰਤੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਨਜਾਇਜ਼ ਗੱਲਾਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਜਿਸ ਢੰਗ ਨਾਲ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਖ਼ਤਰਨਾਕ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸਾਰਾ ਕੁਝ ਸਿਹਤ ਅਤੇ ਆਲੇ-ਦੁਆਲੇ ਦੇ ਵਾਤਾਵਰਨ ਲਈ ਬਹੁਤ ਹਾਨੀਕਾਰਕ ਹੈ। ਖ਼ਤਰਨਾਕ ਰੰਗਾਂ ਕਰਕੇ ਕਈਆਂ ਦੀਆਂ ਅੱਖਾਂ ਦਾ ਨੁਕਸਾਨ ਹੋ ਜਾਂਦਾ ਹੈ। ਬੇਹੂਦਾ ਸ਼ੋਰ ਅਤੇ ਧੂਮ-ਧੜੱਕਾ ਸ਼ਾਂਤੀ ਨੂੰ ਭੰਗ ਕਰਦਾ ਹੈ ਅਤੇ ਸ਼ੋਰ ਪ੍ਰਦੂਸ਼ਨ ਵਿਚ ਭਾਰੀ ਵਾਧਾ ਕਰਦਾ ਹੈ। ਅਸ਼ਲੀਲ ਵਿਵਹਾਰ ਇਸ ਮੌਕੇ ਸਮਾਜ ਵਿਚ ਸਭਿਆਚਾਰਕ ਪ੍ਰਦੂਸ਼ਨ ਫੈਲਾਉਂਦਾ ਹੈ ਅਤੇ ਇਹ ਤਿਉਹਾਰ



www.AKJ.Org

ਆਪਣੇ ਪਿੱਛੇ ਹਰ ਸਾਲ ਕਈ ਤਰ੍ਹਾਂ ਦੀਆ ਕੌੜੀਆਂ ਯਾਦਾਂ ਛੱਡ ਜਾਦਾ ਹੈ। ਹੋਲੀ ਮਨਾਉਣ ਵਾਲੇ ਲੱਖਾ ਲੋਕਾ ਵਿਚੋਂ ਕੋਈ ਵਿਰਲਾ ਹੀ ਇਸ ਪ੍ਰਸ਼ਨ ਦਾ ਉਤਰ ਦੇ ਸਕਦਾ ਹੈ ਕਿ ਹੋਲੀ ਕਿਉਂ ਮਨਾਈ ਜਾਦੀ ਹੈ ? ਕੋਈ ਵਿਰਲਾ ਹੀ ਭਗਤ ਪ੍ਰਹਿਲਾਦ ਦੀ ਮਹੱਤਤਾ ਨੂੰ ਜਾਣਦਾ ਹੈ। ਕੋਈ ਵਿਰਲਾ ਹੀ ਇਸ ਦਿਨ ਭਗਤ ਪ੍ਰਹਿਲਾਦ ਨੂੰ ਯਾਦ ਕਰਦਾ ਹੈ।

ਕੁਝ ਅਜਿਹੇ ਹੀ ਹਾਲਾਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜ਼ਰੂਰ ਰਹੇ ਹੋਣਗੇ। ਆਪ ਜੀ ਨੇ ਲੋਕਾ ਨੂੰ ਗਲਤ ਤਰੀਕੇ ਨਾਲ ਹੋਲੀ ਦੀ ਖੁਸ਼ੀ ਮਨਾਉਂਦਿਆ ਜ਼ਰੂਰ ਦੇਖਿਆ ਹੋਵੇਗਾ। ਦਿਨ ਦੀ ਅਸਲ ਮਹੱਤਤਾ ਨੂੰ ਭੁੱਲ ਕੇ ਲੋਕ, ਉਦੋਂ ਵੀ 'ਇਕ ਦੂਜੇ 'ਤੇ ਰੰਗ ਡੋਲ੍ਹਣ ਅਤੇ ਇਕ ਦੂਜੇ ਨਾਲ ਛੇੜ-ਛਾੜ ਤਕ ਹੀ ਸੀਮਿਤ ਰਹੇ ਹੋਣਗੇ। ਇਸ ਸਾਰੇ ਕੁਝ ਨੂੰ ਦੇਖਦੇ ਹੋਏ ਵੀ ਦਸਮੇਸ਼ ਪਿਤਾ ਜੀ ਨੇ ਹੋਲੀ ਨੂੰ ਹੋਲਾ-ਮਹੱਲਾ ਦੇ ਰੂਪ ਵਿਚ ਮਨਾਉਣ ਦਾ ਫੈਸਲਾ ਕੀਤਾ ਹੋਵੇਗਾ। ਹੋਲੀ ਤੋਂ ਅਗਲੇ ਦਿਨ ਹੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਹੋਲਾ-ਮਹੱਲਾ ਮਨਾਉਣ ਦਾ ਸੱਦਾ ਦਿੱਤਾ। ਕਥਾ-ਕੀਰਤਨ ਰਾਹੀਂ ਪ੍ਰਭੂ ਭਗਤੀ ਦਾ ਸੰਦੇਸ਼ ਸੰਗਤਾ ਨੂੰ ਦਿੱਤਾ ਗਿਆ। ਇਸ ਉਪਰੰਤ ਮਸਨੂਈ ਲੜਾਈ ਦਾ ਨਜ਼ਾਰਾ ਲੋਕਾ ਸਾਹਮਣੇ ਰੱਖਿਆ ਗਿਆ। ਇਸ ਦਿਨ ਹੋਰ ਖੇਡਾਂ, ਸ਼ਸਤਰ ਵਿੱਦਿਆ, ਗਤਕਾ ਆਦਿ ਨੂੰ ਵੀ ਉਤਸ਼ਾਹਿਤ ਕੀਤਾ ਗਿਆ। ਇਸ ਸਾਰੇ ਕੁਝ ਦਾ ਮੰਤਵ ਇਹ ਸੀ ਕਿ ਸਿੱਖਾ ਨੂੰ ਸਰੀਰਕ, ਮਾਨਸਕ ਅਤੇ ਆਤਮਕ-ਤਿੰਨਾ ਪੱਖਾਂ ਤੋਂ ਮਜਬੂਤ ਬਣਾਇਆ ਜਾਵੇ। ਭਗਤੀ ਅਤੇ ਸੱਚਾਈ ਦੇ ਰਸਤੇ 'ਤੇ ਤੁਰਨ ਲਈ ਇਨ੍ਹਾ ਤਿੰਨਾਂ ਪੱਖਾ ਦੀ ਮਜ਼ਬੂਤੀ ਜ਼ਰੂਰੀ ਸੀ। ਲੰਗਰ ਅਤੇ ਕੜਾਹ ਪ੍ਰਸ਼ਾਦ ਦੀਆ ਦੇਗਾ ਦੇ ਗੱਫੇ, ਹੋਲਾ-ਮਹੱਲਾ ਦੇ ਤਿਉਹਾਰ ਦੀ ਖੁਸ਼ੀ ਤੇ ਪਵਿੱਤਰਤਾ ਨੂੰ ਵਧਾਉਣ ਵਿਚ ਵਾਧਾ ਕਰਨ ਵਾਲੇ ਸਨ।

ਇਸ ਤਿਉਹਾਰ ਨੂੰ ਸ਼ੁਰੂ ਕਰਨ ਅਤੇ ਮਨਾਉਣ ਦਾ ਇਕੋ ਇਕ ਮੰਤਵ ਸੀ ਕਿ ਗੁਰਬਾਣੀ ਦੀ ਰੋਸ਼ਨੀ ਵਿਚ ਲੋਕਾ ਨੂੰ ਕੱਚੇ ਰੰਗਾ (ਮਨਮੁਖੀ ਕਰਮਾ ਤੇ ਪ੍ਰਭਾਵਾ) ਤੋਂ ਬਚਾ ਕੇ, ਪੱਕੇ ਰੰਗ ਨਾਲ ਜੋੜਿਆ ਜਾਵੇ ਅਤੇ ਲੋਕਾਂ ਵਿਚ ਦਲੇਰੀ, ਦ੍ਰਿੜ੍ਹਤਾ, ਅਟੱਲ-ਵਿਸ਼ਵਾਸ ਪੈਦਾ ਕੀਤੇ ਜਾਣ। ਅੱਜ ਦੇ ਸਮੇਂ ਵਿਚ ਹੋਲੀ ਤੇ ਹੋਲੇ-ਮਹੱਲੇ ਦੀ ਤਬਦੀਲੀ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ, ਤਾ ਹੀ ਅਸੀਂ ਸਮਾਜ ਨੂੰ ਬਚਾ ਕੇ ਰੱਖ ਸਕਦੇ ਹਾ।

— — — —

(ਪੰਨਾ ੬ ਦਾ ਬਾਕੀ .....)

ਸਵਰਨ ਸਿੰਘ ਜੀ ਉਸ ਝਿੜੀ ਵਿਚ ਮੈਦਾਨ ਹੋਣ ਲਈ ਗਏ। ਭਾਈ ਜੀ ਤਾਂ ਧੁਸਦੇ ਧੁਸਦੇ ਅਗਾਹ ਦੁਰੇਡੇ ਚਲੇ ਗਏ। ਮੈਂ ਉਰੇਡੇ ਹੀ ਰਹਿ ਗਿਆ ਅਤੇ ਮੈਦਾਨ ਹੋਣ ਬਹਿ ਗਿਆ। ਮੈਦਾਨ ਹੋ ਕੇ ਅਜੇ ਹੱਥ ਹੀ ਧੋਤੇ ਸਨ ਕਿ ਇਕ ਅਬਲਾ ਦੇ ਰੋਣ ਦੀ ਅਤੇ ਚੀਖ ਪੁਕਾਰ ਕਰਨ ਦੀ ਅਵਾਜ਼ ਕੰਨੀਂ ਪਈ। ਭਾਈਜੀ ਉਸ ਅਵਾਜ਼-ਅਸਥਾਨ ਦੇ ਨੇੜੇ ਹੀ ਢੁਕ ਚੁਕੇ ਸਨ। ਉਕਤ ਚੀਖ਼ ਪੁਕਾਰਨੀ ਅਵਾਜ਼ ਸੁਣ ਕੇ ਉਹ ਝਟ ਹੀ ਉਥੇ ਪਹੁੰਚ ਗਏ ਇਕੱਲੇ ਹੀ। ਅਗੇ ਕੀ ਦੇਖਦੇ ਹਨ ਕਿ ਚਾਰ ਮੁਸ਼ਟੰਡੇ ਸ਼ਰਾਬੀ ਗੋਰੇ ਸਿਪਾਹੀ ਇਕ ਲਕੜਹਾਰੀ (ਲਕੜਾਂ ਚੁਕਣ ਵਾਲੀ) ਲੜਕੀ ਨੂੰ ਉਸ ਦੀ ਇੱਜ਼ਤ ਖ਼ਰਾਬ ਕਰਨ ਲਈ ਉਸ ਨੂੰ ਦਬਾਈ ਪਏ ਹਨ। ਭਾਈ ਸਵਰਨ ਸਿੰਘ ਜੀ ਨੇ ਹੀਲ ਹੁਜਤ ਕੀਤੇ ਬਿਨਾਂ ਹੀ ਉਨ੍ਹਾ ਚੌਹਾਂ ਸਿਪਾਹੀਆ ਪਾਸੋਂ 'ਬਲਮ' ਖੋਹ ਲਏ ਅਤੇ ਉਨ੍ਹਾਂ ਚੌਹਾ ਨੂੰ ਐਸਾ ਕੁਟਿਆ ਕਿ ਕੁਟ ਕੁਟ ਕੇ ਲੰਮੇ ਪਾ ਦਿੱਤੇ ਅਤੇ ਨਰੜ ਕੇ ਲਾਗੇ ਖੜੇ ਟਾਗੇ 'ਤੇ ਲੱਦ ਦਿਤੇ ਇਤਨੇ ਨੂੰ ਮੈਂ ਭੀ ਇਥੇ ਪਹੁੰਚ ਗਿਆ। ਇਹ ਨਜ਼ਾਰਾ ਦੇਖਕੇ ਮੈਂ ਪਿਛਲੇ ਸਾਰਿਆਂ ਸਜਣਾ ਨੂੰ ਅਵਾਜ਼ਾਂ ਦੇ ਕੇ ਨਾਲ ਬੁਲਾ ਲਿਆ।ਉਹ ਮਹਾਸਾਗਣ ਵੀ ਨਾਲ ਹੀ ਆਇਆ, ਤਾਂ ਉਸ ਨੂੰ ਇਹ ਨਜ਼ਾਰਾ ਦਿਖਾਇਆ ਕਿ ਦੇਖੋ ਸਵਾ ਲਖ ਸੂਰਮੇ ਦਾ ਇਹ ਕਰਤਵ।

ਉਪਰੋਕਤ ਵਾਰਤਾ ਇਸ ਵੀਹਵੀਂ ਸਦੀ ਦੀ ਹੀ ਘਟਨਾ ਹੈ, ਜਿਸ ਵਿਚੋਂ ਇਕੋ ਵਕਤ ਨਾਮ-ਰੰਗ ਅਤੇ ਬੀਰ-ਰਸ ਦੇ ਅਲੌਕਿਕ ਚਮਤਕਾਰ ਪਰਗਟ ਪਹਾਰੇ ਹਨ। ਇਹ ਹੈ ਹੋਲੇ-ਮਹੱਲੇ ਦੀ ਸਹੀ ਸਪਿਰਿਟ।

ਇਸ ਸਾਰੀ ਵਾਰੰਤਾ ਨੂੰ ਪੂਰੀ ਤਰ੍ਹਾ 'ਰੰਗਲੇ ਸਜਣ' ਪੁਸਤਕ ਪੜ੍ਹ ਕੇ ਅਨੰਦ ਲਵੋ ਜੀ।



www.AKJ.Org

## ਗੁਰਸਿਖ ਮੀਤ ਚਲਹੁ ਗੁਰ ਚਾਲੀ..... ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ

੨੧-੨੬ ਦਸੰਬਰ ਤਕ ਜਮਸ਼ੇਦਪੁਰ ਵਿਖੇ ਹੋਇ ਸਤਿਸੰਗ ਤੋਂ ਅਧਾਰਿਤ

(ਰਮੇਸ਼ ਸਿੰਘ)

ਅਮਲ, ਅਮਲ, ਅਮਲ....... ਸਿੱਖੀ ਦਾ ਮਹੱਲ ਖੜਾ ਹੀ ਅਮਲ ਤੇ ਹੈ, ਸੁ ਜੇ ਅਮਲ ਨਹੀਂ ਤਾ ਕੁਛ ਨਹੀਂ। ਮੱਕਾ ਵਿਖੇ ਗੁਰੂ ਨਾਨਕ ਦੇਵ ਜੀ ਨੇ ਕਾਜੀਆਂ ਨੂੰ ਸ਼ਮਝਾਇਆ ਸੀ, ``ਸੁਭ ਅਮਲਾ ਬਾਝਹੁ ਦੋਨੋਂ ਰੋਈ``(ਭਾਈ ਗੁਰਦਾਸ ਜੀ, ਵਾਰ 1/33), ਅਰਥਾਤ ਅਮਲੀ ਜੀਵਨ ਤੋਂ ਬਗੈਰ ਧਾਰਮਕ, ਕੰਮ ਕਰਮ ਕਾਂਡ ਬਣ ਕੇ ਰਹਿ ਜਾਏਗਾ, ਭੰਗ ਦੀਆ ਚੁਲੀਆਂ ਕਰਨ (ਤੀਰਥ, ਬਰਤ ਨੇਮ, ਜਪ, ਤਪ ਸੰਜਮ..... ਕਰ ਕੇ ਵੀ ਸਾਰੇ ਧਰਮਾਂ ਦੇ ਲੋਕ ਦੁਖੀ ਰਹਿਣਗੇ ਕਿਉਂਕਿ ਅਮਲ ਰਹਿਤ ਸਾਰਾ ਕੁੜ) ਵਾਲੀ ਗੱਲ ਹੋਵੇਗੀ, ਨਾਮ ਖੁਮਾਰੀ ਦਾ ਨਸ਼ਾ ਨਹੀਂ ਚੜ੍ਹੇਗਾ, ਪ੍ਰਭੂ ਪਿਆਰ ਦਾ ਪਾਗਲਪਨ ਸਵਾਰ ਨਹੀਂ ਹੋਵੇਗਾ। ਗੁਰੂ ਗ੍ਰੰਥ ਸਾਹਿਬ ਦ੍ਰਿੜਤਾ ਨਾਲ ਇਸ ਗੱਲ ਤੇ ਵਾਰ-ਵਾਰ ਜੋਰ ਦੇਂਦੇ ਹਨ। ਗੁਰੂ ਅਰਜਨ ਦੇਵ ਜੀ ਆਖਦੇ ਹਨ, ਭਾਈ ਤੂੰ ਕਹਿੰਦਾ ਹੈ ਪ੍ਰਭੂ ਮਿਲਨ ਦੀ ਇੱਛਾ ਹੈ, ਕਈ ਜਨਮਾਂ ਦਾ ਚੱਕਰ ਕਟ ਕੇ ਆਇਆਂ ਹਾਂ, ਗੁਰੂ ਤੋਂ ਸੋਝੀ ਪ੍ਰਾਪਤ ਹੋਈ ਹੈ ਕਿ ਪ੍ਰਭੂ ਮਿਲਨ ਹੀ ਮੇਰੀ ਜਿੰਦਗੀ ਦਾ ਮਕਸਦ ਹੈ, ਸੁ ਇਸ ਮਕਸਦ ਦੀ ਪ੍ਰਾਪਤੀ ਲਈ ਤੈਨੂੰ ਗੁਰੂ ਹੁਕਮਾਂ ਦੀ ਕਮਾਈ ਕਰਨੀ ਪਵੇਗੀ, ਆਪਣੇ ਮਨ ਦੀ ਮਤਿ ਛੱਡਣੀ ਪਵੇਗੀ, ਦੂਜੇ ਲੋਕਾ, ਦੂਜੀਆਂ ਚੀਜਾਂ, ਦੂਜੀਆਂ ਗੱਲਾਂ, ਦੂਜੇ ਕੰਮਾਂ ਦਾ ਪਿਆਰ, ਅਰਥਾਤ ਦੂਜਾ ਭਾਉ ਤਿਆਗਣਾ ਹੀ ਪਵੇਗਾ :

``ਇਤੁ ਮਾਰਗਿ ਚਲੇ ਭਾਈਅੜੇ, ਗੁਰ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ॥
ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ॥(ਪੰਨਾ ੭੬੩)

ਪ੍ਰਭੂ ਨੂੰ ਜਿੰਦਗੀ ਵਿਚ ਸਭ ਤੋਂ ਉਪਰ ਕਰਨਾ ਪਵੇਗਾ, ਸਭ ਨਾਲ ਪਿਆਰ ਕਰਨਾ ਪਵੇਗਾ, ਸਾਰੀ ਮਨੁਖ ਜਾਤੀ ਨੂੰ ਇਕੋ ਜਿਹਾ ਸਮਝਣਾ ਪਵੇਗਾ। ਅਮਲ ਦਾ ਮਤਲਬ ਹੈ ਪ੍ਰਭੂ ਪਿਆਰ ਸਿੱਖ ਦੀ ਜਿੰਦਗੀ ਚੋਂ ਪ੍ਰਗਟ ਹੋਵੇ, ਸਿੱਖ ਦੁਨੀਆਂ ਅੰਦਰ ਪਿਆਰ ਦਾ ਦੂਤ ਬਣ ਕੇ ਵਿਚਰੇ। ਐਸੇ ਪ੍ਰਭੂ ਪਿਆਰ ਦੇ ਦਿਵਾਨਿਆਂ ਦੀ ਇਕ ਟੋਲੀ ਸਾਡੇ ਸ਼ਹਿਰ ਵਿਚ ਆਈ ਤੇ ਕੁੜ ਇਹੋ ਜਿਹਾ ਅਹਿਸਾਸ ਕਰਾ ਗਈ ੪-੫ ਦਿਨ ਦੇ ਸਤਿਸੰਗ ਦੌਰਾਨ :

ਦੇਖਹੁ ਅਚਰਜੁ ਭਇਆ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ,
ਸੋ ਰਿਦੈ ਗੁਰਿ ਦਇਆ॥ ਰਹਾਉ॥ (ਪੰਨਾ ੬੧੨)

ਇਕ ਦਿਨ ਇਹ ਟੋਲੀ ਪਹੁੰਚੀ ਜਮਸ਼ੇਦਪੁਰ ਦੇ ਇਸਾਈਆਂ ਵਲੋਂ ਕ੍ਰਿਸਮਸ ਦੇ ਮੌਕੇ ਤੇ ਆਯੋਜਿਤ Inter Faith Meeting ਵਿਚ। ਗੁਰੂ ਦੇ ਪਿਆਰੇ ਇਕ ਸਿੱਖ ਨੇ ੭-੮ ਮਿੰਟ ਦੇ ਆਪਣੇ ਲੈਕਚਰ ਦੁਆਰਾ ਸਭ ਦਾ ਮਨ ਮੋਹ ਲਇਆ ਇਹ ਭਾਵਨਾ ਵਿਅਕਤ ਕਰ ਕੇ ਕਿ, ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਤੇ ਅਮਲ ਕਰਨ ਦਾ ਚਾਹਵਾਨ ਹੋਂਣ ਕਰਕੇ ਮੈਨੂੰ ਜੀਸਸ ਨਾਲ ਵੀ ਪਿਆਰ ਹੈ (ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇਂ...ਪੰਨਾ ੧੩੪੯) ਤੇ ਜੀਸਸ ਵੀ ਮੈਨੂੰ ਪਿਆਰ ਕਰਦੇ ਹਨ। ੧੯੭੧ ਵਿਚ ਜੀਸਸ ਦੇ ਜਨਮ ਦਿਨ, ਜੋ ਉਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਵੀ ਪ੍ਰਕਾਸ਼ ਦਿਹਾੜਾ ਸੀ, ੨੫ ਦਸੰਬਰ ਨੂੰ ਅੰਮ੍ਰਿਤ ਛੱਕਿਆ ਸੀ। ਸੁ ਇਹ ਸੁਭਾਗਾ ਦਿਨ ਜਿਥੇ ਮੈਨੂੰ ਗੁਰੂ ਦਾ ਗੁਲਾਮ ਹੋਣ ਦੀ ਯਾਦ ਕਰਾਂਦਾ ਹੈ, ਉਥੇ ਪ੍ਰਭੂ ਦੇ ਪਿਆਰੇ ਦੂਤ ਜੀਸਸ ਦਾ ਪਿਆਰ ਵੀ ਬਖਸ਼ਦਾ ਹੈ। ਗੁਰੂ ਤੋਂ ਪ੍ਰਾਪਤ ਪ੍ਰੇਰਣਾ ਸਦਕਾ ਕਈ ਵਰਿਆਂ ਪਹਿਲਾਂ ਪੈਰਿਸ ਵਿਚ ਇਕ ਬੁਢੀ ਇਸਾਈ ਮਾਂ ਨੂੰ ਜੀਸਸ ਵਿਚ ਉਸਦਾ ਸਿਦਕ ਮੁੜ ਜੀਵਤ ਕਰ ਕੇ ਪ੍ਰਭੂ ਦਾ ਪਿਆਰ ਤੇ ਅਸ਼ੀਰਵਾਦ ਪਾਇਆ ਸੀ ਤੇ ਲੰਡਨ ਦੀ Metro Rail ਵਿਚ ਇਕ ਯੁਵਾ ਪਾਕਿਸਤਾਨੀ ਡਾਕਟਰ ਨੂੰ ਨਮਾਜ ਰੋਜ਼ ਪੜ੍ਹਨ, ਤੇ ਸਾਰੀ ਮਨੁਖਤਾ ਦੀ ਸੇਵਾ ਕਰਨ ਦੀ ਗੱਲ ਕਹੀ ਸੀ। ਉਹ ਪਾਕਿਸਤਾਨੀ, ਸਿੱਖ ਦੀ ਇਹ ਗੱਲ ਸੁਣ ਹੈਰਾਨ ਰਹਿ ਗਇਆ ਤੇ ਭਰੇ ਗਲੇ ਨਾਲ ਕਿਹਾ - ``ਸਰਦਾਰ ਜੀ, ਮੈਂ ਇਹ ਕਦੇ ਨਹੀਂ ਭੁਲਾਂਗਾ ਕਿ ਅਪਣੇ ਵਤਨ ਤੋਂ ਦੂਰ, ਇਕ ਸਿੱਖ ਨੇ ਮੈਨੂੰ ਅਲਾਹ ਦੀ ਯਾਦ ਕਰਾਈ ਸੀ।``



www.AKJ.Org

ਜਦੋਂ ਤੀਕਰ ਸਾਰੇ ਧਰਮਾਂ ਦੀ ਬਰਾਬਰੀ ਦੇ ਸਿਧਾਂਤ ਤੇ ਅਸੀਂ ਅਮਲ ਨਹੀਂ ਕਰਦੇ, Inter-Faith Dialogue ਦਾ ਕੋਈ ਮਤਲਬ ਨਹੀਂ।

ਇਹ ਟੋਲੀ ਇਕ ਦਿਨ ਪਹੁੰਚੀ ਇਕ ਬਿਹਾਰੀ ਪਰਿਵਾਰ ਵਿਚ ਜਿਨ੍ਹਾਂ ਦਾ ਇਕਲੌਤਾ ਨੌਜਵਾਨ ਬਲਡ ਕੈਂਸਰ ਨਾਲ ਕੁਝ ਮਹੀਨੇ ਪਹਿਲਾਂ ਮਰ ਗਇਆ ਸੀ। ਇਸ ਬੱਚੇ ਦੇ ਇਲਾਜ ਲਈ ਕੁਝ ਸਿੱਖਾਂ ਤੇ ਸਿੱਖ ਸੰਸਥਾਵਾ ਨੇ 4-5 ਲਖ ਰੁਪਏ ਇਕਤ੍ਰ ਕੀਤੇ ਸਨ, ਪਰ ਪ੍ਰਭੂ ਦੇ ਭਾਣੇ ਅੰਦਰ Bone Marrow Transplant ਦਾ ਉਪਰੇਸ਼ਨ ਹੋਣ ਤੋਂ ਪਹਿਲਾਂ ਹੀ ਉਸਦੀ ਮੌਤ ਹੋ ਗਈ ਸੀ। (ਮਾਂ-ਪਿਉ ਤੇ ਤਿੰਨ ਭੈਣਾਂ) ਸਾਰਾ ਪਰਿਵਾਰ ਦੁਖੀ ਸੀ ਤੇ ਇਸ ਸਦਮੇ ਨੇ ਉਨ੍ਹਾਂ ਦੀ ਜਿੰਦਗੀ ਅੰਦਰ ਭੁਚਾਲ ਪੈਦਾ ਕਰ ਦਿਤਾ ਸੀ। ਟੋਲੀ ਜਦ ਉਨ੍ਹਾ ਦੇ ਘਰ ਪਹੁੰਚੀ ਤਾਂ ਸਾਰਾ ਪਰਿਵਰ ਹਮਦਰਦੀ ਦੇ ਇਸ gesture ਨਾਲ ਪਿਆਰ ਵਿਚ ਲਪੇਟਿਆ ਗਇਆ। ਗੁਰੂ ਪਿਆਰਿਆ ਨੇ ਗੁਰਬਾਣੀ ਦੇ ਅਧਾਰ ਤੇ ਜੀਵਨ-ਮੌਤ ਦੀ ਗੱਲ ਸਮਝਾਂਦਿਆਂ ਕਿਹਾ ``ਆਪਕਾ ਬੇਟਾ ਨਹੀਂ ਮਰਾ, ਉਸਕਾ ਸਰੀਰ ਚਲਾ ਗਇਆ ਹੈ, ਹਮ ਆਪਕੇ ਬੇਟੇ ਕੋ ਮਿਲਨੇ ਆਏ ਹੈਂ, ਆਪ ਸਭੋਂ ਮੇਂ ਹਮੇਂ ਉਸਦਾ ਰੂਪ ਦਿਖਾਈ ਦੇ ਰਹਾ ਹੈ। ਅਬ ਆਪ ਪ੍ਰਭੂ ਦੀ ਯਾਦ ਦੁਆਰਾ ਉਸਕੋ ਯਾਦ ਕਰੇਂ। ਆਪਕਾ ਪਿਆਰ ਉਸਕੋ ਪਹੁੰਚੇਗਾ, ਉਸਕੀ ਆਤਮਾ ਭੀ ਸ਼ਾਂਤ ਰਹੇਗੀ ਔਰ ਆਪਕਾ ਮਨ ਭੀ ਸ਼ਾਤੀ ਮੇਂ ਆ ਜਾਂਏਗਾ। ਰੋਨੇ ਔਰ ਚਿੰਤਾ ਕਰਨੇ ਸੇ ਕੁਛ ਲਾਭ ਨ ਹੋਗਾ, ਪ੍ਰਭੂ ਕੀ ਆਗਿਆ ਕੋ ਖੁਸ਼ੀ-ਖੁਸ਼ੀ ਮਾਨ ਲੇਨੇ ਮੇਂ ਹੀ ਹਮਾਰਾ ਭਲਾ ਹੈ ਕਿਉਂਕਿ ਪ੍ਰਭੂ ਨੇ ਜੋ ਕੁਛ ਭੀ ਕੀਆ ਹੈ, ਹਮਾਰੇ ਹਿਤ ਮੇਂ ਹੈ, ਇਸਦਾ ਯਕੀਨ ਕਰੇਂ। ਉਸਕੀ ਆਗਿਆ ਮਾਨ ਲੇਨੇ ਪਰ, ਆਪਕੀ ਜਿੰਦਗੀ ਮੇਂ ਬੇਟੇ ਦੀ ਮੌਤ ਕੇ ਕਾਰਨ ਆਈ ਕਮੀ ਕੋ ਦਇਆਲੂ ਪ੍ਰਭੂ ਚੌਗੁਣਾ ਭਰ ਦੇਗਾ।`` ਸੁਭਾਵਿਕ ਸੀ, ਨਾਮ ਦੀ ਮਰਹਮ ਲਗਣ ਨਾਲ ਦੁਖੀ ਹਿਰਦਿਆਂ ਦਾ ਦਰਦ ਘਟਿਆ, ਰੋਂਦੀਆ ਅਖਾਂ ਦੇ ਅਥਰੂ ਥਮ ਗਏ, ਉਦਾਸ ਚੇਹਰਿਆਂ ਤੇ ਮੁਸਕਰਾਹਟ ਆ ਗਈ।

ਸਤਿਸੰਗ ਦੌਰਾਨ ਇਕ ਦਿਨ ਖਬਰ ਆਈ ਕਿ ਇਕ ਸਤਿਸੰਗੀ ਸਿੱਖ ਦੇ ਬਿਹਾਰੀ ਪਰਿਵਾਰ ਦੀ ਮਾਤਾ ਦੀ ਮੌਤ ਹੋ ਗਈ ਹੈ। ਪਿਛਲੇ ਕਈ ਵਰ੍ਹਿਆਂ ਤੋਂ ਇਹ (ਮ੍ਰਿਤ) ਪਰਿਵਾਰ ਇਸ ਟੋਲੀ ਨੂੰ ਜਾਣਦਾ ਸੀ ਤੇ ਉਨ੍ਹਾਂ ਨੂੰ ਪਤਾ ਸੀ ਕਿ ਜਿਥੇ ਕਿਤੇ ਵੀ ਹਨੇਰਾ ਹੋਵੇ (ਹਿਰਦੇ ਅੰਦਰ ਅਗਿਆਨਤਾ ਦਾ) ਇਹ ਉਥੇ ਗਿਆਨ ਦਾ ਦੀਵਾ ਬਾਲਦੇ ਹਨ, ਜਿਥੇ ਕਿਤੇ ਵੀ ਸਿਦਕ ਡੋਲ ਗਇਆ ਹੋਵੇ ਉਸਨੂੰ ਮੁੜ ਪਕਾ ਕਰਨ ਪਹੁੰਚਦੇ ਹਨ। ਅੰਮ੍ਰਿਤ ਵੇਲੇ ਪ੍ਰਭੂ ਦੇ ਗੀਤ ਗਾ ਕੇ ਪਹੁੰਚ ਗਏ ਖਾਲਸੇ ਉਨ੍ਹਾਂ ਦੇ ਘਰ। ਗੁਰੂ ਗਿਆਨ ਦੀ ਰੋਸ਼ਨੀ ਨਾਲ ਹਨੇਰਾ ਦੂਰ ਕੀਤਾ ਤੇ ਨਾਮ ਦੀ ਗੱਲ ਸਮਝਾ ਕੇ ਸਿਦਕ ਮੁੜ ਪਕਾ ਕਰਨ ਦੀ ਪ੍ਰੇਰਣਾ ਦਿਤੀ ਤੇ ਕਿਹਾ, ਪ੍ਰਭੂ ਅਨੰਦ ਦਾ ਸਾਗਰ ਹੈ ਉਸ ਨਾਲ ਸੰਬੰਧ ਜੋੜ ਕੇ ਅਸੀਂ ਹਰ ਸਾਲ ਤੇ ਹਰ ਕਾਲ ਅੰਦਰ ਅਨੰਦਿਤ ਰਹਿ ਸਕਦੇ ਹਾਂ, ਪਰ ਇਸ ਅਨੰਦ ਨੂੰ ਪ੍ਰਾਪਤ ਕਰਨ ਲਈ ਇਹ ਕਰਨਾ ਪਵੇਗਾ : (1) ਨਿੰਦਾ ਚੁਗਲੀ ਛੱਡਣੀ ਪਵੇਗੀ। (੨) ਬੁਰੀ ਸੰਗਤ ਤਿਆਗ ਪ੍ਰਭੂ ਪਿਆਰਿਆ ਦੀ ਸੰਗਤ ਅਪਨਾਣੀ ਪਵੇਗੀ। (3) ਝੂਠੀ ਮੋਹ-ਮਮਤਾ ਤੋਂ ਕਿਨਾਰਾ ਕਰਨਾ ਪਵੇਗਾ। (4) ਬਾਕੀ ਸਾਰੇ ਸਹਾਰੇ ਛਡ ਇਕੋ ਸੱਚੇ ਪ੍ਰਭੂ ਦਾ ਸਹਾਰਾ ਲੈਣਾ ਪਵੇਗਾ। (5) ਹਰ ਹਾਲ ਵਿਚ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਪਵੇਗਾ। (੬) ਪ੍ਰਭੂ ਜੋ ਕਰੇ ਉਸਦੇ ਭਾਣੇ ਨੂੰ ਮਿਠਾ ਕਰਕੇ ਮੰਨਣਾ ਪਵੇਗਾ ਕਿਉਂਕਿ ਉਹ ਕਦੇ ਵੀ ਕਿਸੇ ਦਾ ਬੁਰਾ ਨਹੀਂ ਕਰਦਾ, ਭਾਵੇਂ ਸਾਡੀ ਸਮਝ 'ਚ ਨਾ ਆਵੇ ਕਿ ਸਾਡੇ ਨਿਕਟਵਰਤੀ ਦੀ ਮੌਤ ਵਿਚ ਸਾਡਾ ਕੀ ਭਲਾ ਹੋ ਸਕਦਾ ਹੈ। (7) ਦੀਨ-ਦੁਖੀਆਂ ਦਾ ਦੁਖ ਮਿਟਾਣ ਦਾ ਸ਼ੌਕ ਪੈਦਾ ਕਰਨਾ ਪਵੇਗਾ। (8) ਬਗੈਰ ਕਿਸੇ ਵਿਤਕਰੇ ਦੇ, ਨਿਸ਼ਕਾਮ ਭਾਵਨਾ ਨਾਲ ਸਾਰਿਆਂ ਦੀ ਸੇਵਾ ਕਰਨੀ ਪਵੇਗੀ। (੭) ਹੰਕਾਰ ਤੇ ਪਾਖੰਡ ਤੋਂ ਦੂਰ ਰਹਿਣ ਪਵੇਗਾ।(10) ਸਰਬੱਤ ਦੇ ਭਲੇ ਦੀ ਹਰ ਵੇਲੇ ਚਾਹਤ ਰਖਣੀ ਪਵੇਗੀ।

ਸਾਰਾ ਪਰਿਵਾਰ ਤੇ ਉਥੇ ਮੌਜੂਦ ਇਕ ਬੰਗਾਲੀ Lady ਖੁਸ਼ ਹੋਏ ਅਨੰਦ ਰੂਪ ਪ੍ਰਭੂ ਦੀਆਂ ਬਾਤਾਂ ਸੁਣ ਕੇ। ਦੁਖੀ ਹਿਰਦਿਆਂ ਦੀ ਤਪਸ਼ ਸ਼ਾਂਤ ਹੋਈ ਨਾਮ ਜਲ ਦੀ ਸਿੰਜਣਾ ਨਾਲ। ਉਨ੍ਹਾਂ ਦਾ ਬੇਟਾ ਕਹਿਣ ਲੱਗਾ, ``ਆਪਨੇ ਸਾਨੂੰ ਬੜਾ ਸਹਾਰਾ ਦਿਤਾ ਹੈ, ਸਾਡੇ ਡਿਗਦੇ-ਡੋਲਦੇ ਮਨਾਂ ਨੂੰ ਟਿਕਾਣਾ ਲਭ ਪਇਆ ਹੈ, ਅਸੀਂ ਆਪ ਸਾਰਿਆ ਦੇ ਧੰਨਵਾਦੀ ਹਾਂ।`` ਸਿੱਖ ਕਹਿਣ ਲਗੇ, ``ਬਸ ਨਿਰੰਤਰ ਪ੍ਰਭੂ ਦੀ ਯਾਦ ਬਣਾਈ ਰਖੋ, ਕਦੇ ਮਾਤਾ ਜੀ ਦੇ ਜਾਣ ਦਾ ਦੁਖ ਮਹਿਸੂਸ ਨਹੀਂ ਹੋਵੇਗਾ, ਭਾਵੇਂ ਦੁਨਿਅਵੀ ਹਿਸਾਬ ਨਾਲ ਇਹ ਭਾਰਾ ਸੰਕਟ ਹੈ।`` (ਚਲਦਾ)



www.AKJ.Org

# 'ਸਾਧ ਕੈ ਸੰਗਿ ਪਾਏ ਨਾਮ ਰਤਨੁ'' (ਪੰਨਾ ੨੭੧)

*(ਲੇਖਕ ਗਿ: ਹਰਬੰਸ ਸਿੰਘ ਤੇਗ)*

ਅਧਿਆਤਮਕ ਜੀਵਨ ਦੀ ਪਹੁੰਚ, ਨਾਮ ਦੀ ਪ੍ਰਾਪਤੀ ਨਾਲ ਹੀ ਪੂਰੀ ਹੁੰਦੀ ਮੰਨੀ ਗਈ ਹੈ। ਜਿੰਨੇ ਭੀ ਆਸਤਕ ਜਗਿਆਸੂ ਹਨ ਉਨ੍ਹਾ ਨੂੰ ਪ੍ਰਮਾਤਮਾ ਨਾਮ ਜਪਣ ਮੰਨਣ ਤੇ ਅੰਦਰ ਵਸਾਉਣ ਦੀ ਪ੍ਰੇਰਨਾ ਹਰ ਧਾਰਮਕ ਗ੍ਰੰਥ ਅਤੇ ਧਾਰਮਕ ਵਿਅਕਤੀਆਂ ਪ੍ਰਚਾਰਕਾਂ ਪਾਸੋਂ ਮਿਲਦੀ ਹੈ। ਭਾਵੇਂ ਕਿਸੇ ਵਿਅਕਤੀ, ਕਿਸੇ ਭੀ ਮਜ਼੍ਹਬ ਜਾਂ ਇਸ਼ਟ ਨੂੰ ਮੰਨਦਾ ਹੋਵੇ। ਹਿੰਦੂ ਈਸਾਈ ਮੁਸਲਮ ਜਾਂ ਸਿੱਖ ਅਤੇ ਹੋਰ ਭੀ ਪ੍ਰਮਾਤਮਾ ਦੀ ਹੋਂਦ ਨੂੰ ਮੰਨਣ ਵਾਲੇ ਆਸਤਕ ਲੋਕਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਮਾਤਮਾ ਦਾ ਨਾਮ ਜਪਣ ਦੀ ਪ੍ਰੇਰਨਾ ਮਿਲਦੀ ਹੈ। ਇਹ ਨਾਮ ਕੀ ਹੈ ? ਕਿਥੋਂ ਮਿਲਦਾ ਹੈ ? ਕਿਵੇਂ ਜਪਣਾ ਹੈ ? ਇਹ ਵਿਸ਼ੇ ਕਾਫੀ ਗੰਭੀਰ ਹਨ ਸੁਰਤਿ ਦੀ ਇਕਾਗਰਤਾ ਵਾਲੇ ਜਗਿਆਸੂ ਲਈ ਇਹ ਗੁਰ-ਸ਼ਬਦ ਦੇ ਚਾਨਣ ਵਿਚ ਜਿਉਂ ਜਿਉਂ ਤੁਰੀਏ ਹੋਰ ਅੱਗੇ ਦੀ ਸੋਝੀ ਭੀ ਹੋਣ ਲੱਗ ਜਾਦੀ ਹੈ। ''ਸ਼ਬਦ'' ਦੇ ਚਾਨਣੇ ਦੀ ਗਲ ਈਸਾਈਅਤ, ਮੁਸਲਮਾਨੀ ਅਕੀਦੇ (ਕੁਰਾਨ) 'ਚੋਂ ਅਤੇ ਵੇਦਾਂ ਸ਼ਾਸਤਰਾ ਅਤੇ ਹੋਰ ਮਜ਼੍ਹਬਾਂ ਦੇ ਮੁਖੀਆਂ ਨੇ ਭੀ ਮੰਨੀ ਹੈ। ਇਹੀ ''ਸ਼ਬਦ'' (ਬਾਣੀ) ਜਾਂ ਗੁਰਬਾਣੀ ਜੋ ਸੰਸਾਰ ਦੀ ਉਤਪਤੀ ਦੇ ਸਮੇਂ ਤੋਂ ਹੀ ਵਰਤਦੀ ਆ ਰਹੀ ਹੈ ਬਲਕਿ ਸੰਸਾਰ ਦੀ ਉਤਪਤੀ ਭੀ ''ਸ਼ਬਦ'' ਤੋਂ ਹੀ ਹੋਈ ਹੈ। ਖੈਰ । ਮੇਰੇ ਲਿਖਣ ਦਾ ਅੱਜ ਇਹ ਵਿਸ਼ਾ ਨਹੀਂ ਸਗੋਂ ਨਾਮੁ ਦੀ ਪ੍ਰਾਪਤੀ ਕਿਥੋਂ ਹੋਵੇ ? ਹੈ।

ਸਿੱਖ-ਮਤਿ ਜਾਂ ਗੁਰਮਤਿ ਵਿਚ ਨਾਮ ਦੀ ਪ੍ਰਾਪਤੀ ਪੂਰੇ ਗੁਰੂ ਪਾਸੋਂ ਹੀ ਹੋ ਸਕਦੀ ਹੈ। ਇਸ ਬਾਰੇ ਸਾਰੇ ਸਿਖ ਇਸੇ ਵਿਸ਼ਵਾਸ਼ ਦੇ ਧਾਰਨੀ ਹਨ। ਕੋਈ ਇਸ ਧਾਰਨਾ ਜਾਂ ਸਿਧਾਂਤ ਤੋਂ ਮੁਨਕਰ ਭੀ ਨਹੀਂ ਹੈ। ਜੋ ਇਸ ਸਿਧਾਤ ਤੋਂ ਮੁਨਕਰ ਹੋ ਕੇ ਨਾਮ ਦੀ ਪ੍ਰਾਪਤੀ ਦਾ ਕੋਈ ਹੋਰ ਸਾਧਨ ਜਾਂ ਰਾਹ ਲਭਦਾ ਜਾਂ ਮੰਨਦਾ ਹੈ ਉਹ ਮੁਢਲੇ ਤੌਰ ਪਰ ਸਿੱਖੀ ਦੇ ਮਾਰਗ ਤੋਂ ਲਾਂਭੇ ਜਾਣ ਵਾਲਾ ਭਟਕਿਆ ਸਿਖ ਜਾਂ ਅਗਿਆਨੀ ਜਾਂ ਭੇਖੀ ਸਿਖ ਹੀ ਹੋ ਸਕਦਾ ਹੈ। ਇਸ ਲਈ ਨਾਮ ਦਾ ਦਾਤਾ ਕੇਵਲ ਅਤੇ ਕੇਵਲ ਪੂਰਾ ਸਤਿਗੁਰੂ ਹੀ ਹੈ। ਭਾਵੇਂ ਗੁਰੂ, ਸਤਿਗੁਰੂ, ਪੂਰਾ ਗੁਰੂ ਜਾਂ ਪੂਰਾ ਸਤਿਗੁਰੂ ਸ਼ਬਦ ਦੇ ਅਰਥ-ਭਾਵ ਇਕੋ ਹੀ ਹਨ ਫਿਰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਦੀ ਕਦੀ ਗੁਰੂ ਦੀ ਥਾਂ ਪੂਰਾ ਗੁਰੂ ਜਾਂ ਪੂਰਾ ਸਤਿਗੁਰੂ ਸ਼ਬਦ ਵਰਤਨਾ ਜ਼ਰੂਰੀ ਸਮਝਿਆ ਗਿਆ ਤਾਂ ਜੋ ਜਗਿਆਸੂ ਨੂੰ ਕਿਤੇ ਕੋਈ ਭੁਲੇਖਾ ਨਾ ਲੱਗ ਜਾਵੇ। ਕਿਉਂਕਿ ਇਕੋ ਸ਼ਬਦ ਗੁਰਬਾਣੀ ਵਿਚ ਹੋਰ ਪ੍ਰਸੰਗਾਂ ਵਿਚ ਵਖਰੇਵੇਂ ਅਰਥ ਅਤੇ ਭਾਵ ਵੀ ਦਿੰਦੇ ਹਨ। ਜਿਵੇਂ ਕਿ ਗੁਰੂ ਗੁਰੂ ਜਾਂ ਗੁਰ ਬਹੁਤ ਘੱਟ ਗਿਣਤੀ ਵਿਚ ਹੋਰ ਅਰਥ-ਭਾਵਾਂ ਲਈ ਭੀ ਵਰਤੇ ਹਨ।

ਸ੍ਰੀ ਰਾਗ ਮ: ੧॥
ਗੁਰੂ ਜਿਨਾ ਕਾ ਅੰਧੁਲਾ, ਚੇਲੇ ਨਾਹੀ ਠਾਉ॥
ਬਿਨੁ ਸਤਿਗੁਰ ਨਾਉ ਨ ਪਾਈਐ, ਬਿਨ ਨਾਵੈ ਕਿਆ ਸੁਆਉ॥੩॥(ਪੰਨਾ ੫੮)
ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥ (ਪੰਨਾ ੯੫੦)

ਇਥੇ ਗੁਰੂ ਤੋਂ ਭਾਵ ਹੈ ਆਗੂ ਰਹਿਬਰ ਜੋ ਪੂਰਾ ਨਹੀਂ ਹੈ, ਇਥੇ ਗੁਰੂ ਤੋਂ ਪੂਰੇ ਗੁਰੂ ਦਾ ਅਰਥ ਨਹੀਂ ਬਣਦਾ। ਅਜ ਕਲ ''ਸਤਿਗੁਰੂ'' ਸ਼ਬਦ ਦੀ ਭੀ ਦੁਰਵਰਤੋਂ ਹੋ ਰਹੀ ਹੈ ਭਾਵੇਂ ਇਹ ਦੁਰਵਰਤੋਂ ਪੁਰਾਤਨ ਸਮੇਂ ਵਿਚ ਭੀ ਕਦੀ ਕਦਾਈ ਹੁੰਦੀ ਹੋਵੇਗੀ। ਇਸੇ ਲਈ ਗੁਰਬਾਣੀ ਵਿਚ ''ਪੂਰਾ-ਸਤਿਗੁਰੂ'' ਪਦ ਭੀ ਵਰਤਿਆ ਗਿਆ ਹੈ।

ਇਹੋ ਹੀ ਹਾਲ ਹੁਣ ਇਕ ਹੋਰ ਸ਼ਬਦ ''ਸੰਤ'' ਜਾਂ ''ਸਾਧ'' ਪਦ ਦਾ ਹੋ ਰਿਹਾ ਜਾਂ ਕੀਤਾ ਜਾ ਰਿਹਾ ਹੈ ਜਦ ਕਿ ''ਸਾਧ'' ਸ਼ਬਦ ਭਲੇ ਪੁਰਸ਼ਾਂ ਜੋ ਨਾਮ ਜਪਦੇ ਜਪਾਉਂਦੇ ਲਈ ਭੀ ਕਈ ਥਾਈਂ ਆਇਆ ਹੈ। ਬਹੁਤ ਘਟ ਵਾਰੀ ਇਹ ਸ਼ਬਦ ਪਖੰਡੀਆਂ ਲਈ ਭੀ ਆਇਆ ਹੈ ਜਿਵੇਂ ਕਿ ਭੱਟਾਂ ਦੀ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤੀ ਵਿਚ ਅਸਲੀ ਤੇ ਨਕਲੀ ਸਾਧ ਦੀ ਗਲ ਆਖੀ ਗਈ –

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥



www.AKJ.Org

ਬਰਸੁ ਏਕੁ ਹਉ ਫਿਰਿਓ ਕਿਨੇ ਨਹੁ ਪਰਚਉ ਲਾਯਉ॥

ਕਹਤਿਅਹ ਕਹਤੀ ਸੁਣੀ, ਰਹਤ ਕੋ ਖੁਸ਼ੀ ਨਾ ਆਯਉ॥ ਪੰਨਾ ੧੩੯੫ (ਭਿਖਾ)

"ਸੰਤ" ਸ਼ਬਦ ਭੀ ਕਈ ਅਰਥ ਭਾਵਾਂ ਵਿਚ ਆਇਆ ਹੈ .ਆਮ ਜਗਿਆਸੂ ਲਈ ਭੀ ਅਤੇ ਮਧ ਵਰਗੀ ਅਧਿਆਤਮਕ ਬਿਰਤੀ ਵਾਲੇ ਨੂੰ ਜਾਂ ਸਤੱਯ ਦੀ ਖੋਜੀ ਲਈ ਭੀ ਇਹ ਸ਼ਬਦ ਵਰਤਿਆ ਮਿਲਦਾ ਹੈ। ਸੰਤ ਸ਼ਬਦ ਪੂਰੇ ਗੁਰੂ ਲਈ ਅਤੇ ਪ੍ਰਭੂ ਪ੍ਰਮਾਤਮਾ ਲਈ ਭੀ ਵਰਤਿਆ ਮਿਲਦਾ ਹੈ।

"ਸਾਧ" ਸ਼ਬਦ ਭੀ ਜਿਵੇਂ ਉਪਰ ਲਿਖਿਆ ਹੈ ਜਿਥੇ ਪਖੰਡੀ, ਭੇਖੀ ਲਈ ਆਇਆ ਹੈ ਉਥੇ ਅਨੇਕਾ ਵੇਰੀ ਸਾਧ ਸ਼ਬਦ ਭਲੇ ਪੁਰਸ਼ਾਂ, ਧਾਰਮਕ-ਜਗਿਆਸੂਆਂ ਲਈ ਅਤੇ ਪੂਰੇ ਗੁਰੂ ਦੇ ਅਰਥ-ਭਾਵਾਂ 'ਚ ਸਭ ਤੋਂ ਵਧੀਕ ਵੇਰੀ ਆਇਆ ਪ੍ਰੰਤੂ ਸਿਖ ਕੌਮ ਦੀ ਇਹ ਬਦਕਿਸਮਤੀ ਹੀ ਆਖੀ ਜਾ ਸਕਦੀ ਕਿ ਕੋਈ ਭੇਖੀ ਜਾਂ ਅਖੌਤੀ ਸੰਤ-ਸਾਧ ਆਪਣੀ ਨਿਜੀ ਪੂਜਾ ਜਾਂ ਸਤਿਕਾਰ ਕਰਾਉਣ ਜਾਂ ਆਪਣੀ ਡੇਰੇਦਾਰੀ ਨੂੰ ਚਮਕਾਉਣੇ ਵਧਾਉਣੇ ਲਈ ਵਾਰ ਵਾਰ ਸਾਧ ਸ਼ਬਦ ਦੁਹਰਾਕੇ ਇਸ ਦੇ ਸਹੀ ਅਰਥ-ਭਾਵਾ ਨੂੰ ਵਿਗਾੜ ਕੇ ਗੁਰਬਾਣੀ ਦੇ ਸਿਧਾਂਤ ਨੂੰ ਪੈਰਾਂ ਹੇਠ ਲਿਤਾੜ ਰਹੇ ਹਨ। ਸੁਖਮਨੀ ਸਾਹਿਬ ਜੀ ਦੀ ਪੂਰੀ ਅਸ਼ਟਪਦੀ ਸਤਵੀ 'ਚ ਸਾਧ ਸ਼ਬਦ ਪੂਰੇ ਗੁਰੂ ਦੇ ਅਰਥਾਂ 'ਚ ਆਏ ਨੂੰ ਆਪਣੇ ਭੇਖੀਪੁਣੇ ਬਣਾਉਟੀ ਸਾਧ-ਪੁਣੇ ਲਈ ਵਰਤ ਰਹੇ ਹਨ। ਜਦ ਕਿ ਬਚਨ ਹੈ-

ਸਾਧ ਕੈ ਸੰਗਿ ਮਿਟੇ ਸਭਿ ਰੋਗ॥ ਨਾਨਕ ਸਾਧ ਭੇਟੇ ਸੰਜੋਗ॥੭॥

ਜਾਂ- ਸਾਧ ਕੀ ਸੋਭਾ ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ॥੮॥੭॥(੨੭੨)

ਸੰਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਹਿਲਾਦ ਜੀ ਦੇ ਪ੍ਰਸੰਗ ਵਿਚ ਵਰਤਿਆ ਮਿਲਦਾ ਹੈ ਜਿਸ ਬਾਰੇ ਕਥਾ ਕਹਾਣੀ ਹੈ ਕਿ ਪ੍ਰਹਿਲਾਦ ਭਗਤ ਜੀ ਨੂੰ ਤਤੇ ਥੰਮ ਨੂੰ ਜਫੀ ਪਾਉਣ ਲਈ ਕਿਹਾ ਗਿਆ ਤੇ ਉਨ੍ਹਾਂ ਨੇ ਪੂਰੇ ਭਰੋਸੇ ਨਾਲ ਇਹ ਟੈਸਟ ਪਾਸ ਕੀਤਾ ਪ੍ਰੰਤੂ ਅਜ ਦਾ ਅਖੌਤੀ ਸੰਤ ਐਸੇ ਪ੍ਰਭੂ-ਭਰੋਸੇ ਦੇ ਸੌਂਵੇ ਹਿੱਸੇ ਦਾ ਭੀ ਮਾਲਕ ਨਾ ਹੋ ਕੇ ਭੀ ਪੂਰਨ ਬ੍ਰਹਮ ਗਿਆਨੀ ਅਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਲਕਬ ਲਾ ਕੇ ਭੋਲੇ ਭਾਲੇ ਸਿੱਖਾਂ ਨੂੰ ਗੁਮਰਾਹ ਕਰਕੇ ਗੁਰਬਾਣੀ ਦੇ ਸਿਧਾਂਤ ਤੋਂ ਮੂੰਹ ਮੋੜ ਕੇ ਆਪਣੀ ਜਾਗੀਰਦਾਰੀ ਡੇਰੇਦਾਰੀ ਜਾਂ ਨਿਜੀ ਹਉਮੈ ਨੂੰ ਹੀ ਪਠੇ ਪਾ ਰਿਹਾ ਹੈ।

ਸੁਖਮਨੀ ਸਾਹਿਬ ਜੀ ਦੀ ਤੇਈਵੀਂ ਅਸ਼ਟਪਦੀ ਦੇ ਸਲੋਕ ਵਿਚ ਹੀ ਗੁਰੂ ਅਤੇ ਸੰਤ ਪਦ ਨੂੰ ਸਮ ਅਰਥ ਭਾਵ ਵਿਚ ਦਸਕੇ ਅਸ਼ਟਪਦੀ ਦੇ ਅਰੰਭ ਵਿਚ ਹੀ ਸੰਤ (ਗੁਰੂ) ਦੀ ਸੰਗਤ ਦਾ ਫਲ ਦਸਿਆ ਹੈ।

ਸਲੋਕੁ॥ ਗਿਆਨ ਅੰਜਨੁ ਗੁਰਿ ਦੀਆ, ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ, ਨਾਨਕ ਮਨਿ ਪਰਗਾਸੁ॥੧॥

ਅਸ਼ਟਪਦੀ॥ ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥

ਫਿਰ ਇਸੇ ਅਸਟਪਦੀ 'ਚ ਪੂਰੇ ਗੁਰੂ ਦੇ ਅਰਥਾਂ 'ਚ "ਜਨੁ" ਪਦ ਭੀ ਦਰਜ ਹੈ।

ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥

....ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥(ਪੰਨਾ ੨੯੫)

ਮੇਰੇ ਇਹ ਲਿਖਣ ਤੋਂ ਕੋਈ ਸਜਣ ਇਹ ਭੀ ਅੰਦਾਜ਼ਾ ਨਾ ਲਾਉਣ ਕਿ ਮੈਂ ਕਿਸੇ ਸਚੇ ਸੁਚੇ ਜੀਵਨ ਵਾਲੇ ਮਹਾਂ ਪੁਰਸ਼ ਦੀ ਵਿਰੋਧਤਾ ਕਰ ਰਿਹਾ ਹਾਂ। ਕੋਈ ਗੁਰਮਤਿ ਦਾ ਸੱਚਾ ਪਾਧੀ ਉਪਰ ਲਿਖੇ ਦੇ ਵਿਰੁੱਧ ਹੋ ਭੀ ਨਹੀਂ ਸਕਦਾ, ਕਿਉਂਕਿ ਗੁਰਬਾਣੀ ਦਾ ਸਿਧਾਂਤ ਸਾਡੇ ਸਾਰਿਆ ਲਈ ਮੰਨਣਾ ਜ਼ਰੂਰੀ ਹੈ। ਹਾਂ ਕਿਸੇ ਪਖੰਡੀ ਜਾਂ ਦੰਭੀ ਨੂੰ ਇਹ ਸਤਰਾਂ ਚੁਭਣ ਤਾਂ ਮੇਰਾ ਇਸ ਵਿਚ ਕੀ ਦੋਸ਼ ਹੈ ? ਸਚੇ ਸੁਚੇ ਪਰਚਾਰਕ ਜਾਂ ਗੁਰੂ-ਪਿਆਰੇ ਤਾਂ ਦੋਹਾਂ ਸਰੀਰਾ ਨਾਲ ਜੋੜਨ ਦੀ ਬਜਾਏ, ਸ਼ਬਦ ਗੁਰੂ ਨਾਲ ਜੋੜਨ ਵਚ ਹੀ ਆਪਣੀ ਸੇਵਾ ਸਮਝਦੇ ਹਨ। ਇਹੋ ਹੀ ਸੱਚਾ ਕਾਰ ਹੈ ਤੇ ਪਰ ਉਪਕਾਰ ਭੀ। ਇਸ ਪਾਸੇ ਵਿਦਵਾਨਾਂ 'ਪਰਚਾਰਕਾਂ' ਅਤੇ ਧਾਰਮਕ ਸੰਸਥਾਵਾਂ ਨੂੰ ਸੁਚੇਤ ਹੋ ਕੇ ਪਹਿਰਾ ਦੇਣ ਦੀ ਬੇਨਤੀ ਕਰਦਾ ਹਾਂ ਤਾਂ ਜੋ ਰਾਸ਼ਟਰੀਆ ਸਿਖ ਸੰਗਤ ਜਾਂ ਹੋਰ ਐਸੀਆ ਸ਼ਕਤੀਆ ਸਿਖ-ਸਿਧਾਂਤ ਨੂੰ ਹਾਨੀ ਨਾ ਪਹੁੰਚਾ ਸਕਣ।

---



www.AKJ.Org

# ਸਤਿਗੁਰ ਦੀ ਹੱਟੀ ਤੇ ਅਨੰਦ ਦਾ ਬਿਉਪਾਰ

*(ਭਗਵੰਤ ਸਿੰਘ ਦਲਾਵਰੀ)*

ਆਪਣੇ ਸਤਿਗੁਰੂ ਤੋਂ ਬਲਿਹਾਰ ਕਿਉਂ ਜਾਂਦੇ ਹਾਂ ? ਸਤਿਗੁਰੂ ਦੇ ਦਰਸ਼ਨਾਂ ਦੀ ਤਾਂਘ ਕਿਉਂ ਰੱਖਦੇ ਹਾਂ ? ਸਤਿਗੁਰੂ ਨੂੰ ਮਿਲ ਕੇ ਗਦਗਦ ਕਿਉਂ ਹੁੰਦੇ ਹਾਂ ? ਸਤਿਗੁਰੂ ਦੀ ਗੈਰ-ਹਜ਼ੂਰੀ ਕਿਉਂ ਤੜਪਾਂਦੀ ਹੈ ? ਸਤਿਗੁਰੂ ਦੀ ਗੱਲ ਕਿਉਂ ਸੁਖਾਂਦੀ ਹੈ?

ਵਾਹਿਗੁਰੂ ਜਾਣੇ ਗੁੰਗੇ ਦੀ ਮਿਠਿਆਈ ਵਾਲਾ ਸਵਾਦ ਕਿਹੋ ਜਿਹਾ ਹੁੰਦਾ ਹੈ ਪਰ ਇਸ ਵੇਲੇ ਜਾਪਦਾ ਹੈ ਕਿ ਮੈਂ ਉਪਰਲੇ ਪੰਜਾਂ ਸਵਾਲ ਦੇ ਸਵਾਦ ਦਾ ਰਸ ਤਾਂ ਖੂਬ ਮਾਣ ਰਿਹਾ ਹਾਂ। No, ਜੋ ਵੀ ਕਵ੍ਹਾਂ, ਉਹ ਅਧੂਰਾ, ਅਪੂਰਣ, ਘਟੀਆ ਤੇ ਭੁਲੇਖੇ ਵਾਲਾ ਹੋਵੇਗਾ। ਕਿਉਂਕਿ ਕੋਈ ਜਵਾਬ ਵੀ ਉਹ ਰਸ ਨਹੀਂ ਦਰਸਾ ਸਕਦਾ। ਜਿਹੜਾ ਬੰਦਾ ਸਤਿਗੁਰੂ ਦੀ "ਸੋਇ" ਸੁਣ ਕੇ, ਜਾਂ ਝਲਕ ਵੇਖ ਕੇ ਜਾਂ ਬਿਰਹਾ ਮਹਿਸੂਸ ਕਰਕੇ, ਜਾਂ ਉਮੰਗ ਭਰਕੇ ਤੇ ਜਾਂ ਫਿਰ ਦਰਸ਼ਨ ਕਰਕੇ ਅੰਦਰ ਮਾਣਦਾ ਹੈ।

ਫਿਰ ਸਿੱਖ ਦੀ ਹਾਲਤ ਤਾਂ ਹੋਰ ਵੀ ਕਾਮਲ ਹੈ ਕਿਉਂਕਿ ਸਿੱਖ ਦਾ ਗੁਰੂ ਤਾਂ ੨੪ ਘੰਟੇ ਅੰਦਰ ਉਛਲਦਾ ਹੈ। ਬਾਣੀ ਸਵਾਦੀ ਲੱਗੀ ਤਾਂ ਗੁਰੂ ਬੋਲਿਆ, ਬਾਣੀ ਅਉਖਧ ਬਣੀ ਤਾਂ ਗੁਰੂ ਨੇ ਪੱਟੀ ਬੱਧੀ, ਬਾਣੀ ਨੇ ਸਿਖਾਇਆ ਤਾਂ ਗੁਰੂ ਉਸਤਾਦ ਮਿਲਿਆ। ਬਾਣੀ ਨੇ ਪ੍ਰੇਮ ਜਤਾਇਆ ਤਾਂ ਗੁਰੂ ਨੇ ਪੁਚਕਾਰਿਆ ਤੇ ਬਾਣੀ ਨੇ ਲੋਗਾਂ, ਪਾਪਾਂ ਤੇ ਵਿਕਾਰਾਂ ਤੋਂ ਬਚਾਇਆ ਅਤੇ ਗੁਨਾਹਾਂ ਦੇ ਭਾਰ ਤੋਂ ਹਉਲਾ ਕੀਤਾ ਤਾਂ ਗੁਰੂ ਨੇ ਗਲੇ ਲਗਾਇਆ ਤੇ ਮੁਆਫ ਕੀਤਾ ਅਤੇ ਹਾਂ । ਜੇ ਬਾਣੀ ਨੇ ਤਾੜਨਾ ਕੀਤੀ ਤਾਂ ਗੁਰੂ ਨੇ ਝਿੜਕਿਆ ਤੇ ਝਿੜਕ ਮਿਠੀ ਲੱਗੀ। ਸਚਮੁੱਚ ਗੁਰੂ ਕਦੇ ਝਿੜਕਦਾ ਹੀ ਨਹੀਂ। ਬੰਦੇ ਦੀ ਗੁਲਾਮੀ ਤੋਂ ਛੁੱਟ ਕੇ ਸ਼ਬਦ ਦੀ ਨਿਰੰਤਰ ਹਜ਼ੂਰੀ ਦੀ ਗੁਲਾਮੀ ਪੰਜੇ ਤੇ ਪੰਜੇ ਸਵਾਲਾਂ ਦਾ ਉਤਰ ਹੈ। ਗੁਲਾਮ, ਗੁਲਾਮੀ ਕਰਕੇ ਮਾਲਕ ਦੇ ਬਰਾਬਰ ਬਣਾ ਦਿੱਤਾ ਜਾਏ, ਇਹ ਗੁਰੂ ਗ੍ਰੰਥ ਸਾਹਿਬ ਦਾ ਕਮਾਲ ਹੈ ।

ਇਹ ਧੁਰ ਕੀ ਸੱਚਾਈ ਹੈ ਤੇ ਰਹੇਗੀ, ਪਰ ਕਦੇ ਕਦੇ ਜਦ ਗੁਰੂ ਤੁਠਦਾ ਹੈ ਤਾਂ ਇਹ ਸੱਚਾਈ ਆਵਾਜ਼ਾਂ ਮਾਰ ਕੇ ਕਹਿੰਦੀ ਹੈ- "ਆ ਤੈਨੂੰ ਦਰਸ਼ਨ ਕਰਾਵਾਂ ਸੱਚ ਦੇ । ਆ ਤੈਨੂੰ ਆਵਾਜ਼ (ਨਾਦ) ਸੁਣਾਵਾਂ ਸੱਚ ਦਾ। ਆ ਤੈਨੂੰ ਮਨ ਦੀ ਡੂੰਘਾਈ ਵਿਚ ਪਰਗਟ ਕਰਕੇ ਦਸਾਂ ਸੱਚ ਨੂੰ। ਆ ਤੈਨੂੰ ਜਾਚ ਦਸਾਂ ਰਸਨਾ ਪਵਿੱਤਰ ਕਰਨ ਦੀ।"

ਅੱਜ ਹਰਿਮੰਦਰ ਸਾਹਿਬ ਤੋਂ ਦੋ ਸ਼ਬਦ (ਜਿਹੜਾ unusual ਹੈ) ਇਕੱਠੇ ਗਾਏ ਗਏ। ਆਮ ਤੌਰ ਤੇ ਇਕ ਸ਼ਬਦ ਤੇ ਇਕ ਜਾਂ ਦੋ-ਤਿੰਨ ਛੱਕੇ ਗਾਏ ਜਾਂਦੇ ਹਨ ਤੇ ਸ਼ਬਦ ਦੀ ਟੇਕ ਵੀ ਰਹਾਉ ਤੋਂ ਵੱਖਰੀ ਚੁਣੀ ਗਈ ਜਿਵੇਂ ਸਿਮਰਨ ਦਾ ਸ਼ਬਦ ਹੋਵੇ :

ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ॥
ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ॥ (ਪੰਨਾ ੭੪੯)

ਸਤਿਗੁਰ ਦੀਨ ਲਈ ਦਇਆਲੂ ਤਾਂ ਹਮੇਸ਼ਾਂ ਹੀ ਰਹਿਆ ਹੈ ਪਰ ਸਿਮਰਨ ਨੂੰ ਜੀਵਨ ਨਾ ਬਣਾ ਸਕਣ ਦੇ ਬਾਵਜੂਦ, ਤਨ-ਮਨ ਨਿਹਾਲ ਕਰਨ ਵਾਲਾ ਵੀ ਦਿਸਦਾ ਹੈ। ਚਰਣ ਕਮਲ ਧੋਣ ਦੀ ਜਾਚ ਵੀ ਨਹੀਂ ਆਈ ਪਰ ਗੁਰੂ ਦੀ ਪ੍ਰੇਮ ਛੋਹ ਨੇ ਇਕ ਗੱਲ ਪ੍ਰਤਖ ਦਿਖਾਈ ਹੈ ਕਿ ਹੋਰ ਮੇਰਾ ਕੋਈ ਵੀ ਨਹੀਂ।

ਯਾਦ ਆਇਆ ਸ਼ਬਦ ਥਾਂ ਉਹੀ ਹੈ ਜਿਹੜਾ ਮੈਨੂੰ ਹੇਠਲੀਆਂ ਤੁਕਾਂ ਕਾਰਨ ਟੁੰਬਦਾ ਰਹਿੰਦਾ ਹੈ ਤੇ ਸ਼ਾਇਦ ਮੇਰੀ ਤਾਂਘ ਤੇ ਪ੍ਰੇਮ ਤਰੰਗ ਵੇਖ ਕੇ ਗੁਰੂ ਨੇ ਹੁਕਮ ਦਿੱਤਾ ਹੋਵੇ ਕਿ ਬੰਗਲਾ ਸਾਹਿਬ ਗੁਰਦੁਆਰੇ ਦੇ ਬਾਹਰ ਲਿਸ਼ਕਾ ਦੇ ਲਿਖ ਦਿੱਤਾ ਜਾਵੇ :

"ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ॥
ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ॥" (ਪੰਨਾ ੭੪੯)

ਬਾਣੀ ਤਾਂ ਅਸਲ ਅੰਦਰੋਂ ਪ੍ਰਗਟ ਹੋਣੀ ਚਾਹੀਦੀ ਹੈ ਤੇ ਹੁੰਦੀ ਵੀ ਹੈ ਜਦ ਗੁਰੂ ਅੰਦਰ ਬੈਠ ਜਾਏ।



www.AKJ.Org

ਲੱਗਦਾ ਹੈ ਇਸ ਸ਼ਬਦ ਦੀ ਇਕ ਇਕ ਤੁਕ ਆਪਣੇ ਅਨੁਭਵਾਂ ਦਾ ਸਿੱਧਾ PROOF ਹੈ ਕਿ ``ਸਤਿਗੁਰੁ ਜਾਗਤਾ ਹੈ ਦੇਉ॥'' ਵਿਚੋਂ ਵਿਚੋਂ ਵੇਖੀਏ –

ਹੈ ਕੁਝ ਸਾਡੇ ਵੱਸ ? ਰਾਮਰਾਏ ਜੀ ਜਿਵੇਂ ਆਪ ਰਖੋਗੇ ਤਿਵੇਂ ਰਹਵਾਂਗੇ। ਨਾਮ ਜਪਾਵੋ ਜਾਂ ਸੁਖ ਦੇਵੋ, ਸਭ ਆਪ ਦੇ ਵੱਸ ਹੈ। ਸਾਡੇ ਵੱਸ ਕੁਝ ਨਹੀਂ। ਸਾਡੀ ਮੁਕਤੀ, ਜੁਗਤੀ, ਭੁਗਤੀ ਇਕੋ ਹੈ- ਤੇਰੀ ਸੇਵਾ-ਪਰ ਉਹ ਵੀ ਤਾਂ ਹੁੰਦੀ ਹੈ ਜੇ ਆਪ ਕਰਾਵੇਂ, ਤੇ ਜੇ ਕਰਾਵੇਂ ਤਾਂ ਜਿੱਥੇ ਵੀ ਤੇਰੀ ਕੀਰਤ ਹੁੰਦੀ ਹੋਵੇ, ਬੈਕੁੰਠ ਜਾਪਦਾ ਹੈ। ਵੇਖੋ ਨਾ, ਨਾ ਸਾਨੂੰ ਕਿਸੇ ਨੇ personally ਦੱਸਿਆ, ਨਾ ਕੋਈ ਸਾਹਮਣੇ ਆਇਆ, ਅੰਦਰੋਂ ਹੀ ਗੁਰੂ ਬੋਲਿਆ। ਅਸਾਂ ਵੇਖਿਆ ਕਿ ਸੱਚ ਹੈ; ਕਿਉਂਕਿ ਉਸ ਨੇ ਸ਼ਰਧਾ ਲਾਈ, ਉਹ ``ਜਾਗਤੀ ਜੋਤ'' ਹੈ, ਵਿਅਕਤੀ ਨਹੀਂ। ਇਕ ਗੱਲ ਰਹਿ ਗਈ ਸੀ ਕਿ ਕੀ ਇਹ ਸੱਚ ਹੈ ਕਿ ਅਸਾਂ ਪੂਰਾ ਸਤਿਗੁਰੂ ਪਾਇਆ ਹੈ ?

ਪ੍ਰਭੂ ਦਇਆਲੂ ਭਏ, ਇਹ ਠੀਕ ਹੈ ਤੇ ਕਿਤੇ ਇਹ ਵਹਿਮ ਤਾਂ ਨਹੀਂ ਕਿ ਪੂਰਾ ਸਤਿਗੁਰੂ ਪਾਇਆ ਹੈ। ਇਕਦਮ ਚਾਰ ਲਾਈਨਾਂ ਦਾ ਨਵਾਂ ਸ਼ਬਦ ਆ ਗਿਆ ('ਆਸਾ ਦੀ ਵਾਰ' ਦੇ ਛਕੇ ਤੋਂ ਵੀ ਪਹਿਲਾ)-

``ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥'' (ਪੰਨਾ ੯੫੭)

Absolutely-ਸੁਣਿਆ ਸਭ ਕੁਝ ਸੀ, ਬਾਣੀ ਤੋਂ ਕਿ ਗੁਰੂ ਇਹੋ ਜਿਹਾ ਹੈ, ਇਹੋ ਜਿਹਾ ਹੈ। ਪਰ ਮਿਹਰ ਹੋਈ, exactly ਉਹਵਾ ਜਿਹਾ ਹੀ ਤਕਿਆ, ਆਪਣਾ ਮਨ ਗਵਾਹੀ ਦੇਂਦਾ ਹੈ।

``ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥'' (ਪੰਨਾ ੯੫੭)

੧੦-੧੦-੧੯੭੦ ਤੋਂ ਪਹਿਲਾਂ ਦਾ ਵਿਛੜਾ ਤੇ ਵਿਛੋੜੇ ਦੀ ਹੋਂਦ ਪਤਾ ਨਾ ਹੁੰਦਿਆਂ ਵੀ ਸਤਿਗੁਰੂ ਆਪ ਦਰਗਾਹ ਦਾ ਵਿਚੋਲਾ ਬਣਿਆ ਤੇ ਪ੍ਰਭੂ ਨਾਲ ਮੇਲ ਕਰਾਇਆ। ਭਾਵੇਂ ਗੁਨਾਹਾਂ ਦਾ ਅੰਤ ਨਹੀਂ, ਹਾਲਤ ਮੂੰਹ ਕਾਲੇ ਵਾਲੀ ਹੈ, ਪਰ ਜੀਅ ਕਹਿੰਦਾ ਹੈ ਕਿ ਸਤਿਗੁਰੂ ਨੇ exactly ਵਿਛੜੇ ਨੂੰ ਪ੍ਰਭੂ ਨਾਲ ਮਿਲਾਇਆ।

``ਹਰਿਨਾਮੋ ਮੰਤ੍ਰ ਦ੍ਰਿੜਾਇਦਾ'' ਵਿਚ ਤਾ ਕੋਈ ਸ਼ੱਕ ਹੀ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਕਈ ਗੁਰੂ, ਭਗਤ, ਸੰਤ ਇਕੋ ਗੱਲ ਤਾਂ ਦ੍ਰਿੜਾਂਦੇ ਹਨ ਤੇ ਉਹ ਹੈ, ਨਾਮ ਹਰਿਨਾਮ । Obviously ਜਿਸ ਨੂੰ ਦ੍ਰਿੜ੍ਹ ਹੋ ਜਾਏ, ਉਸ ਦਾ ਹਉਮੈ ਰੋਗ ਵੀ ਕਟਿਆ ਜਾਂਦਾ ਹੈ। ਗੁਰੂ ਦੇ ਨਾਮ ਦ੍ਰਿੜ੍ਹਾਣ ਵਿਚ ਤੇ ਹਉਮੈ ਰੋਗ ਕੱਟਣ ਦੀ ਕੋਸ਼ਿਸ਼ ਵਿਚ ਤਾ ਕੋਈ ਕਸਰ ਨਹੀਂ। ਨਾਲੇ ਜੇ ਸਾਡਾ ਹਉਮੈ ਰੋਗ ਕੱਟਿਆ ਨਹੀਂ ਗਇਆ ਤਾਂ ਪਛਾਣਿਆ' ਤਾਂ certainly ਗਇਆ ਹੈ।

ਸੰਜੋਗ ਵਿਚ ਵੀ ਕੋਈ ਸ਼ੱਕ ਨਹੀਂ। ਗੁਰੂ ਉਹਨਾਂ ਨੂੰ ਮਿਲਦਾ ਹੈ ਜਿਨ੍ਹਾਂ ਦੇ ਧੁਰ ਸੰਜੋਗ ਹੋਣ। ਕਿਰਪਾਲੂ ਪ੍ਰਭੂ ਨੇ ਕਿਰਪਾਲੂ ਗੁਰੂ ਨਾਲ ਇਸ ਲਈ ਮਿਲਾਇਆ ਕਿ ਉਹ ਉਸੇ ਕ੍ਰਿਪਾਲੂ ਪ੍ਰਭੂ ਤੋਂ ਵਿਛੜਿਆ ਨੂੰ ਕਿਰਪਾਲੂ ਗੁਰੂ ਮਿਲਾ ਦੇਵੇ।

ਪਤਾ ਨਹੀਂ ਹੋਰ ਪਰਤੱਖ ਦਰਸ਼ਨ ਕੀ ਹੁੰਦੇ ਹੋਣਗੇ। ਪਰ ਇਉਂ ਜਾਪਦਾ ਹੈ ਕਿ ਮੈਂ ਗੁਰੂ ਦੇ ਚਰਣਾ ਵਿਚ ਨਿੱਘ ਮਾਣ ਰਿਹਾ ਹਾਂ, ਪ੍ਰਭੂ ਦੀ ਗੋਦ ਦਾ। ਨਾ ਪ੍ਰਭੂ ਹੈ, ਨਾ ਗੁਰੂ ਹੈ, ਨਾ ਮੈਂ ਹਾਂ, personality ਦੀ ਹੋਂਦ, ਪਰ ਅਸੀਂ ਤਿੰਨੋਂ ਹਾਂ- ਪ੍ਰਭੂ ``ਨਿਰਜਰ ਨਿਰੂਪ ਸੁੰਦਰ ਸਰੂਪ ਵਿਚ,'' ਗੁਰੂ ਸ਼ਬਦਸਰੂਪ ਵਿਚ ਤੇ ਮੈਂ ਆਤਮਕ ਗੁਲਾਮੀ ਦੇ ਰੂਪ ਵਿਚ।

ਹੈ ਨਾ ਗੁਰੂ ਗ੍ਰੰਥ ਸਾਹਿਬ ਦੀ ਬੇਅੰਤ ਵਡਿਆਈ, ``ਤਾ ਕੀ ਕੀਮਤ ਕਹੀ ਨਾ ਜਾਈ''

---


## ਸੂਰਾ ਪੱਤਰ ਹਰ ਮਹੀਨੇ ਬਗੈਰ ਭੇਟਾ ਦੇ ਪ੍ਰਾਪਤ ਕਰੋ

ਸੂਰਾ ਪੱਤਰ ਹਰ ਮਹੀਨੇ ਆਪਣੇ ਘਰ ਮੰਗਵਾਉਣ ਦੇ ਚਾਹਵਾਨ, ਲੋੜਵੰਦ ਸੱਜਣ ਹੇਠਾਂ ਦਿੱਤੇ ਪਤੇ ਤੇ ਆਪਣਾ ਸਿਰਨਾਵਾਂ ਭੇਜ ਦੇਣ। ਉਨ੍ਹਾਂ ਨੂੰ ਬਿਨ੍ਹਾਂ ਕਿਸੇ ਚੰਦੇ ਦੇ 'ਸੂਰਾ' ਹਰ ਮਹੀਨੇ ਭੇਜਿਆ ਜਾਏਗਾ।

**DIAMOND COPY HOUSE SCF---5 Sec 27-D CHANDIGARH TEL..656614/ 656429/ 653906**
**H.O.136--140/7 INDL. AREA CHANDIGARH 655514/ 657503**
**FAX 0172--674063 MOBILE 98140--44587 PH. RESI.609218/ 647 167/ 674462**




www.AKJ.Org

# ਸ਼ਰੇਆਮ ਸਿੱਖੀ ਦਾ ਘਾਣ

*(ਨਿਸ਼ਾਨ ਸਿੰਘ ਗੰਡੀਵਿੰਡ)*

ਸਾਡੇ ਸਿਆਸੀ ਆਗੂਆ ਨੇ ਬ੍ਰਾਹਮਣਾ ਦੀ ਵੰਡ ਵਾਂਗੂੰ ਪਿੰਡਾ ਵਿਚ ਵੱਖੋ-ਵੱਖਰੀਆ ਜਾਤਾ ਨੂੰ ਵੱਖ ਵੱਖ ਧਰਮਸ਼ਾਲਾ ਗੁਰਦੁਆਰੇ ਬਣ ਦਿੱਤੇ ਹਨ। ਸਿੱਖ ਭਾਈਚਾਰੇ ਨੂੰ ਲੀਰੋ ਲੀਰ ਕਰਕੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਧਾਰਨ ਕੀਤਾ ਹੈ। ਜ਼ਰੂਰੀ ਨਹੀਂ ਕਿ ਇਹਨਾ ਸਾਰਿਆਂ ਗੁਰਦੁਆਰਿਆ ਵਿਚ ਗ੍ਰੰਥੀ ਸਿੰਘ ਹੋਣ ਪਰ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਜ਼ਰੂਰ ਹੋਵੇਗਾ, ਬੇਸ਼ਕ ਅਲਮਾਰੀ ਵਿਚ ਹੀ ਬੰਦ ਕਿਉਂ ਨਾ ਹੋਵੇ । ਆਮ ਗੁਰਦੁਆਰਿਆਂ ਦਾ ਤਾ ਦਰਵਾਜ਼ਾ ਵੀ ਭੁਲੇਖੇ ਨਾਲ ਹੀ ਖੁਲ੍ਹਦਾ ਹੈ।

ਅਸੀਂ ਕਦੇ ਨਹੀਂ ਵਿਚਾਰਿਆ ਕਿ ਸਾਨੂੰ ਲੋੜ ਤੋਂ ਵੱਧ ਗੁਰਦੁਆਰੇ ਬਣਾਉਣ ਦੀ ਕੀ ਜ਼ਰੂਰਤ ਹੈ। ਜੇ ਸਾਡੇ ਗੁਰਦੁਆਰੇ ਵਿਚ ਦੋਵੇਂ ਟਾਈਮ ਨਿੱਤਨੇਮ ਨਹੀਂ ਹੁੰਦਾ ਤੇ ਕੀ ਅਸੀਂ ਗੁਰੂ ਸਾਹਿਬ ਜੀ ਦੀ ਨਿਰਾਦਰੀ ਨਹੀਂ ਕਰ ਰਹੇ ? ਚਲੋ, ਜੇ ਸਾਨੂੰ ਅੱਜ ਹੀ ਸਮਝ ਲੱਗ ਗਈ ਹੈ, ਕਿ ਅਸੀਂ ਗੁਰੂ ਸਾਹਿਬ ਜੀ ਦਾ ਸਤਿਕਾਰ ਕਰ ਰਹੇ ਹਾਂ ਜਾਂ ਨਿਰਾਦਰੀ। ਅੱਜ ਤੋਂ ਹੀ ਗੁਰੂ ਸਾਹਿਬ ਜੀ ਦਾ ਪੂਰਨ ਸਤਿਕਾਰ ਕਰੀਏ ਜਿਨ੍ਹਾ ਗੁਰਦੁਆਰਿਆਂ ਵਿਚ ਸਤਿਗੁਰੂ ਜੀ ਦੀ ਦੋਵੇਂ ਟਾਈਮ ਸੇਵਾ ਨਹੀਂ ਹੁੰਦੀ ਉਥੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਹਨਾ ਗੁਰਦੁਆਰਿਆ ਵਿਚ ਭੇਜ ਦੇਈਏ, ਜਿਥੇ ਗੁਰੂ ਜੀ ਦੀ ਦੋਵੇਂ ਟਾਈਮ ਸੇਵਾ ਹੋ ਸਕੇ। ਜਦੋਂ ਅਸੀਂ ਇਹ ਸ਼ੁਭ ਕਾਰਜ ਕਰਾਂਗੇ ਤਾ ਸਾਡੇ ਰਾਹ ਵਿਚ ਕਈ ਰੋੜੇ ਅਟਕਣਗੇ, ਉਹ ਪ੍ਰਬੰਧਕ ਵਿਰੋਧ ਕਰਨਗੇ ਜੋ ਹਰ ਇਲੈਕਸ਼ਨ ਤੇ ਰਜਨੀਤਿਕ ਧਾਰਮਿਕ ਆਗੂਆ ਤੋਂ ਧਰਮਸ਼ਾਲਾ ਦੇ ਨਾ ਤੇ 10-15 ਹਜ਼ਾਰ ਰੁਪਏ ਦਾ ਫੰਡ ਲੈ ਕੇ ਆਪਣਾ ਤੇ ਸਾਡਾ ਧਰਮ ਇਮਾਨ ਤੇ ਵੋਟਾ ਵੇਚ ਦੇਂਦੇ ਹਨ ਤੇ ਚਾਰ ਦਿਨ ਗੁਲਛਰਲੇ ਉਡਾਉਂਦੇ ਹਨ। ਐਸੇ ਆਗੂ ਵੀ ਉਹਨਾ ਪੰਥਕ ਵਿਰੋਧੀਆ ਦੇ ਨਾਲ ਹੋਣਗੇ ਜਿਹਨਾ ਨੇ ਧਰਮ ਅਸਥਾਨ ਨੂੰ "ਟੂਲ" ਵੋਟਾਂ ਗ੍ਰਹਿਣ ਦਾ ਸਾਧਨ ਬਣਾ ਰਖਿਆ ਹੈ। ਆਪਣੇ ਨਾਲ ਵਾਹਿਗੁਰੂ ਅਕਾਲ ਪੁਰਖ ਦਾ ਪਹਿਰਾ ਹੋਵੇਗਾ ਜੋ ਸਾਨੂੰ ਮਨਮਤੀਆ ਦਾ ਵਿਰੋਧ ਕਰਨ ਦਾ ਬਲ ਬਖਸ਼ੇਗਾ।

ਅੱਜ ਤਾਂ ਕਬਰਾ/ਮਜ਼ਾਰਾ ਤੇ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਚੁਕਾ ਹੈ ਜੇ ਨਹੀਂ ਤਾ ਮੇਲੇ ਤੇ ਤਾ ਜ਼ਰੂਰ ਹੀ ਅਖੰਡ ਪਾਠ ਕਰਵਾਇਆ ਜਾਂਦਾ ਹੈ। ਅਜਿਹੇ ਥਾਵਾ ਤੇ ਸ਼ਰਧਾ ਨਾਲ ਪੂਜਿਆ ਤੇ ਭਾਵੇਂ ਕਬਰ ਨੂੰ ਜਾਂਦਾ ਹੈ ਪਰ ਅਖੰਡ ਪਾਠ ਲੋਕਾਚਾਰੀ ਹੁੰਦਾ ਹੈ ਨਾਲੇ ਮੇਲੇ ਤੇ ਸਿਆਸੀ ਪੰਥਕ ਆਗੂ ਜੋ ਸੱਦਣੇ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਨਾਲ ਉਹਨਾ ਪ੍ਰਬੰਧਕਾ ਨੂੰ ਇਹ ਹੁੰਦਾ ਹੈ ਕਿ ਸਾਨੂੰ ਕੋਈ ਇਹ ਨਾ ਕਹੇ, "ਕਿ ਤੁਸੀਂ ਗੁਰੂ ਨਾਨਕ ਦੇ ਸਿੱਖ ਹੋ ਕੇ, ਅੰਮ੍ਰਿਤ ਛੱਕ ਕੇ ਕਿਉਂ ਪੀਰਾਂ ਦੀਆਂ ਮਜ਼ਾਰਾ ਨੂੰ ਪੂਜ ਰਹੇ ਤੇ ਮੇਲੇ ਕਰਵਾ ਰਹੇ ਹੋ।

ਕਹਿੰਦੇ ਹਨ, "ਜੈਸੀ ਸੰਗਤ ਤੈਸੀ ਰੰਗਤ" ਸੰਗਤ ਮੰਦਿਆਂ ਦੀ ਵੀ ਹੁੰਦੀ ਹੈ ਤੇ ਚੰਗਿਆਂ ਦੀ ਵੀ। ਫਿਰ ਸੰਗਤ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ? ਭਾਈ ਨੰਦ ਲਾਲ ਜੀ ਕਹਿੰਦੇ ਹਨ –

ਆਂ ਹਜੂਮੇ ਖ਼ੁਸ਼ ਕਿ ਬਹਿਰੇ ਜ਼ਿੰਦਗੀਸਤ॥ ਆਂ ਹਜੂਮੇ ਖ਼ੁਸ਼ ਕਿ ਬਹਿਰੇ ਬੰਦਗੀਸਤ॥
ਆਂ ਹਜੂਮੇ ਖ਼ੁਸ਼ ਕਿ ਬਹਿਰੇ ਯਾਦਓਸਤ॥ ਆਂ ਹਜੂਮੇ ਖ਼ੁਸ਼ ਕਿ ਹੱਕ ਬੁਨਿਆਦਓਸਤ॥

ਭਾਵ ਉਹ (ਸੰਗਤ) ਇਕੱਠ ਚੰਗਾ ਹੈ ਜੋ ਜੀਵਨ ਅਤੇ ਬੰਦਗੀ ਲਈ ਹੈ। ਉਹ ਸਮਾਗਮ ਚੰਗਾ ਹੈ ਜੋ ਉਸਦੀ ਯਾਦ ਲਈ ਹੈ, ਉਹ ਮਿਲਾਪ ਸ਼ੁਭ ਹੈ ਜਿਸਦਾ ਮੂਲ ਕਾਰਨ ਵਾਹਿਗੁਰੂ ਹੈ।

ਵਾਹਿਗੁਰੂ ਦਾ ਨਿਵਾਸ ਸੰਗਤ ਵਿਚ ਹੈ "ਵਿਚਿ ਸੰਗਤਿ ਹਰਿ ਪ੍ਰਭ ਵਸੈ ਜੀਉ"। ਗੁਰੂ ਨਾਨਕ ਜੀ ਸਤਸੰਗਤ ਦੀ ਨਿਸ਼ਾਨੀ ਇਸ ਤਰ੍ਹਾਂ ਦਸਦੇ ਹਨ :-

ਸਤ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (ਪੰਨਾ ੭੨)

ਕੀ ਅੱਜ ਕਬਰਾ ਤੇ ਲਗਦਿਆਂ ਮੇਲਿਆਂ ਤੇ ਕੋਈ ਨਾਮ, ਧਰਮ ਅਣਖ ਤੇ ਗੁਰਮਤਿ ਦਾ ਪ੍ਰਚਾਰ ਹੁੰਦਾ ਹੈ ? ਬਿਲਕੁਲ ਨਹੀਂ, ਇਹ ਮੇਲੇ ਤਾਂ ਮਨੋਰੰਜਨ ਵਸਤੇ ਤੇ ਸਿੱਖੀ ਨੂੰ ਢਾਹ ਲਾਉਣ ਵਾਸਤੇ ਹੁੰਦੇ



www.AKJ.Org

ਹਨ। ਐਸੀਆ ਕਬਰਾਂ/ਮਜਾਰਾ ਨੂੰ ਵੀ ਨਾਮ ਅਹਿਮ ਅਹਿਮ ਦਿੱਤੇ ਜਾਂਦੇ ਹਨ ਜਿਵੇਂ ਜਿਥੇ ਰੋੜ ਜਿਆਦਾ ਉਹਨੂੰ ਰੋੜੀ ਪੀਰ, ਜਿਥੇ ਬੇਰੀ ਹੋਵੇ ਉਸਨੂੰ ਬੇਰੀ ਪੀਰ, ਜਿਥੇ ਜੰਡ ਉਹਨੂੰ ਜੰਡੂ ਪੀਰ ਤੇ ਜਿਥੇ ਕੁਝ ਵੀ ਨਾ ਹੋਵੇ ਉਹਨੂੰ ਗੁੰਝਾ ਪੀਰ। ਕਈਆ ਨੇ ਤਾਂ ਭੇਖੀ ਬਾਬਿਆ ਦੇ ਕਹਿਣ ਤੇ ਆਪਣੇ ਘਰ ਵਿਚ ਜਾ ਪੈਲੀਆ ਵਿਚ ਚਾਰ ਕੁ ਇੱਟਾ ਲਾ ਕੇ ਪੀਰਾਂ ਦੇ ਨਾ ਤੇ ਜਗ੍ਹਾ ਬਣਾਈਆ ਹਨ।

ਵੇਖਣ ਵਿਚ ਆਇਆ ਹੈ, ਜਿਥੇ ਵੀ ਇਹੋ ਜਿਹੀ ਜਗ੍ਹਾ ਤੇ ਮੇਲਾ ਹੋਇਆ, ਉਥੇ ਹੀ ਅਖੰਡ ਪਾਠ ਹੋਇਆ। ਗੁਰੂ ਕੇ ਵਜੀਰਾਂ ਗ੍ਰੰਥੀਆ ਨੇ ਪੈਸੇ ਦੇ ਲਾਲਚ ਵਿਚ ਆ ਕੇ ਸਿੱਖੀ ਤੇ ਧਰਮ ਦੀ ਪਰਵਾਹ ਨਾ ਕਰਦਿਆ ਹੋਇਆਂ, ਗੁਰੂ ਦਾ ਪ੍ਰਕਾਸ਼ ਹੁੰਦਿਆ ਹੋਇਆ ਉਸ ਕਬਰ ਨੂੰ ਸ਼ਰਧਾ ਨਾਲ ਪੂਜਿਆ ਗਿਆ ਵੇਖਿਆ, ਦੂਜੇ ਪਾਸੇ ਕਬਰ ਤੇ ਸ਼ਰਾਬ ਚੜ੍ਹਦੀ ਵੇਖੀ। ਐਸੀਆ ਹਰਕਤਾਂ ਹੁੰਦੀਆ ਵੇਖੀਆ ਪਰ ਫਿਰ ਵੀ ਚੁੱਪ, ਆਖਿਰ ਕਿਉਂ? ਹੋ ਸਕਦਾ ਹੈ, ਕਿ ਉਹ ਡਰਦੇ ਹੋਣ ਕਿ ਸਾਡੇ ਨਾਲ ਕੋਈ ਵੱਧ ਘੱਟ ਹੋ ਗਈ ਤਾਂ ਸਾਡਾ ਸਾਥ ਪੰਥਕ ਆਗੂਆ ਨੇ ਵੀ ਨਹੀਂ ਦੇਣਾ।

ਅਖੰਡ ਪਾਠ ਦੇ ਭੋਗ ਤੋਂ ਬਾਅਦ ਐਸੀਆ ਜਗ੍ਹਾ ਤੇ ਗਾਉਣ ਵਾਲੀ ਲਾਉਣੀ ਜ਼ਰੂਰੀ ਸਮਝੀ ਜਾਂਦੀ ਹੈ। ਇਕ ਤਾ ਮਨੋਰੰਜਨ ਵਾਸਤੇ ਅਤੇ ਦੂਸਰਾ ਫੋਕੀ ਸ਼ੋਹਰਤ ਪ੍ਰਾਪਤ ਕਰਨ ਵਾਸਤੇ, ਸਿਆਸੀ ਤੇ ਪੰਥਕ ਆਗੂ ਜ ਸੱਦਣੇ ਹੁੰਦੇ ਹਨ। ਇਸ ਨਾਲ ਸੰਗਤ ਦੀ ਰੌਣਕ ਵੱਧ ਜਾਂਦੀ ਹੈ। ਕਬਰਾ ਸਮਾਧਾ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਵੀ ਕਈ ਵਾਰ ਪੰਥਕ ਆਗੂ ਕੋਲੋਂ ਹੀ ਰਖਾਇਆ ਜਾਂਦਾ ਹੈ ਤੇ ਉਨ੍ਹਾ ਵਲੋਂ ਹੀ ਗਾਇਕਾ ਨੂੰ ਵੀ ਸਨਮਾਨਤ ਕਰਾਇਆ ਜਾਦਾ ਹੈ, ਭਾਵੇਂ ਉਹ ਗਾਇਕ ਗਾਉਣ ਵਾਲੀਆਂ ਕਿੰਨੇ ਵੀ ਅਸ਼ਲੀਲ ਗੀਤ ਕਿਉਂ ਨਾ ਬੋਲਦੇ ਹੋਣ। ਪਰ ਸਾਡੇ ਆਗੂਆਂ ਨੂੰ ਧਰਮ (ਸਿੱਖੀ) ਦੀ ਕੋਈ ਪ੍ਰਵਾਹ ਨਹੀਂ ਹੁੰਦੀ, ਉਹ ਸਭ ਕੁਝ ਬੜੀ ਖੁਸ਼ੀ ਤੇ ਚਾਅ ਨਾਲ ਕਰਦੇ ਹਨ ਦੂਜਾ ਉਹਨਾ ਨੂੰ ਅਜਿਹੀਆ ਥਾਵਾ ਤੇ ਜੁੜੀਆ ਸੰਗਤਾ ਨੂੰ ਲਾਰਾ ਲੱਪਾ ਲਾ ਕੇ ਆਉਣ ਵਾਲੀ ਇਲੈਕਸ਼ਨ ਲਈ ਵੋਟਾ ਗੰਢਣ ਦਾ ਸੁਨਿਹਰੀ ਮੌਕਾ ਮਿਲ ਜਾਦਾ ਹੈ। ਜਾਣ-ਬੁੱਝ ਕੇ ਅੰਨ੍ਹੇ ਬੋਲੇ ਹੋਏ ਸਿਖ ਆਗੂ ਸਿੱਖੀ ਦਾ ਸ਼ਰੇਆਮ ਘਾਣ ਕਰ ਰਹੇ ਹਨ।

ਪਤਾ ਲੱਗਾ ਹੈ, ਇਕ ਪਿੰਡ ਕਿਸੇ ਪੀਰ ਦੀ ਮਜਾਰ ਤੇ ਸਿੱਖ ਭਰਾਵਾਂ ਵੱਲੋਂ ਮੇਲਾ ਲਗਾਇਆ ਗਿਆ। ਉਥੇ ਬਹੁਤ ਸਿਆਸੀ /ਪੰਥਕ ਆਗੂ ਪਹੁੰਚੇ, ਰੌਣਕ ਨੂੰ ਵਧਾਉਣ ਲਈ ਗਾਉਣ ਵਾਲੀ ਮੰਗਾਈ ਗਈ (ਜ਼ਰੂਰੀ ਨਹੀਂ ਕਿ ਸਾਰੇ ਗਾਇਕ ਤੇ ਗਾਉਣ ਵਾਲੇ ਲਚਰ ਹੀ ਬੋਲਦੇ ਹਨ) ਐਸੀਆਂ ਜਗ੍ਹਾ ਤੇ ਲਗੇ ਮੇਲੇ ਢਾਢੀ ਕਵੀਸ਼ਰਾਂ ਨੂੰ ਪਹਿਲੀ ਗੱਲ ਟਾਇਮ ਹੀ ਨਹੀਂ ਜੇ ਮਿਲੇ ਵੀ ਤਾ ਉਹ ਲੱਲੀਆ ਫੱਲੀਆਂ ਮਾਰ ਕੇ ਤੇ ਪ੍ਰਬੰਧਕਾਂ ਦੀ ਸਿਫਤ ਕਰ ਕੇ ਪੈਸੇ ਬਟੋਰਨ ਤੱਕ ਹੀ ਸੀਮਤ ਹੁੰਦੇ ਹਨ ਨਾਲੇ ਉਸ ਕਬਰ ਦਾ ਕਿਹੜਾ ਇਤਿਹਾਸ ਹੈ ਜੋ ਦੱਸਣ। 10-15 ਹਜ਼ਾਰ ਦਾ ਇਕੱਠ ਸੀ। ਜਿਸ ਸਟੇਜ ਤੇ ਗਾਉਣ ਵਾਲੀ ਗਾ ਰਹੀ ਸੀ, ਉਸੇ ਸਟੇਜ ਤੇ ਹੀ ਸਿਆਸੀ/ਪੰਥਕ ਆਗੂ ਨੀਲੀਆ ਖੱਟੀਆਂ ਦਸਤਾਰਾਂ ਸਜਾਈ ਬੈਠੇ ਸਨ। ਇਸ ਮੇਲੇ ਵਿਚ ਸਿੱਖਾ ਦੀ ਵਧੇਰੇ ਗਿਣਤੀ ਵੇਖ ਕੇ ਗਾਉਣ ਵਾਲੀ ਬੀਬੀ ਨੇ ਉਚੀ ਆਵਾਜ਼ ਵਿਚ ਕਿਹਾ ``ਭਾਈ ਸਾਹਿਬ ਜੀ, ਜੇਕਰ ਕੋਈ ਸਾਰੀ ਸੰਗਤ ਵਿਚ ਬੈਠਾ ਖਲੋਤਾ ਖਾਲਸਾ ਹੈ ਤਾਂ ਉਹ ਹੱਥ ਖੜਾ ਕਰੇ ?``

ਅਫਸੋਸ ਕਿ ਇੰਨੇ ਵੱਡੇ ਇਕੱਠ ਵਿਚੋਂ ਕੋਈ ਹੱਥ ਨਾ ਖੜਾ ਕਰ ਸਕਿਆ ਸਟੇਜ ਤੇ ਬੈਠੇ ਅਖੌਤੀ ਪੰਥਕ ਆਗੂ ਜੋ ਆਪਣੇ ਆਪ ਨੂੰ ਜਥੇਦਾਰ ਅਖਵਾਉਂਦੇ ਹਨ ਉਹ ਵੀ ਹੱਥ ਖੜਾ ਨਾ ਕਰ ਸਕੇ। ਕਰਦੇ ਵੀ ਕਿਵੇਂ ? ਉਹ ਸਾਰੇ ਉਸਦੇ ਚਿਹਰੇ ਵੱਲ ਮੰਦੀ ਨਜ਼ਰ ਨਾਲ ਵੇਖ ਰਹੇ ਸਨ, ਪਰ ਉਹ ਖਾਲਸੇ ਨਹੀਂ ਸਨ, ਕਿਉਂਕਿ ਖਾਲਸਾ ਤਾ ਐਸੇ ਗੁਣਾ ਦਾ ਧਾਰਨੀ ਹੁੰਦਾ ਹੈ ਕਿ :

ਏਕ ਨਾਰੀ ਜਤੀ ਜਤ ਹੋਇ, ਪਰ ਨਾਰੀ ਧੀ ਭੈਣ ਵਖਾਣੈ।
ਦੇਖਿ ਪਰਾਈਆਂ ਚੰਗੀਆ, ਮਾਵਾਂ, ਭੈਣਾਂ, ਧੀਆਂ, ਜਾਣੇ॥

ਉਸ ਇਕੱਠ ਵਿੱਚ ਜੁੜ ਬੈਠੇ ਭੇਖੀ ਸਿੱਖਾ ਦੀ ਉਸ ਗਾਇਕਾ (ਗਾਉਣ ਵਾਲੀ) ਨੇ ਗੱਲ-ਗੱਲ ਨਾਲ ਬੇਇਜ਼ਤੀ ਕੀਤੀ, ਪਰ ਉਹ ਵੀ ਕਿਹੜੇ ਘੱਟ ਸਨ ਉਹ ਵੀ ਤਾਂ ``ਬੇਇਜ਼ਤੀ ਪਰੂਫ`` ਸਨ। ਉਸ ਬੀਬੀ


www.AKJ.Org

ਨੇ ਗਾਉਣ ਨਾਲੋਂ 'ਸਿੱਖ ਤੇ ਸਿੱਖੀ' ਦੀ ਪਰਿਭਾਸ਼ਾ ਬਾਰੇ ਜ਼ਿਆਦਾ ਦੱਸਿਆ ਤੇ ਕਿਹਾ "ਹੇ ਗੁਰੂ ਦੇ ਸਿੱਖ ਅਖਵਾਉਣ ਵਾਲਿਓ, ਅੱਜ ਤੁਸੀਂ 'ਬਾਣੀ ਦੇ ਬਾਣੇ' ਤੋਂ ਦੂਰ ਹੋ ਕੇ ਖੁਆਰ ਹੋ ਰਹੇ ਹੋ, ਗੁਰੂ ਦੀ ਬਖਸ਼ੀ ਦਾਤ ਅੰਮ੍ਰਿਤ ਪਾਨ ਕਰੋ ਤੇ ਰਹਿਤ ਮਰਯਾਦਾ ਦੇ ਧਾਰਨੀ ਬਣ ਕੇ ਸੱਚੇ-ਸੁੱਚੇ ਖਾਲਸੇ ਬਣੋ ਤੇ ਛੱਡ ਦਿਉ ਕਬਰਾਂ ਪੂਜਣੀਆਂ। ਧੰਨ ਹੈ ਉਹ ਐਸੀ ਬੀਬੀ ਜੋ ਇਨ੍ਹਾਂ ਦੇ ਘਰ ਆ ਕੇ ਤਸੱਲੀ ਕਰ ਗਈ। ਪਰ ਜੁੜੇ ਅਖੌਤੀ ਸਿੱਖ ਸ਼ਰਮਿੰਦੇ ਹੋਏ ਝੂਠਾ ਜਿਹਾ ਹਾਸਾ ਹੱਸ ਰਹੇ ਸਨ।

ਸ਼ਾਇਦ ਉਹ ਵੀ ਇਹ ਪਰਖ ਕਰ ਰਹੀ ਹੋਵੇਗੀ ਕਿ ਜਦੋਂ, ਸ੍ਰੀ ਗੁਰੂ ਨਾਨਕ ਦੇਵ ਜੀ ਸੰਗਲਾ ਦੀਪ (ਸ੍ਰੀਲੰਕਾ ਜਾਂ ਸੈਲੂਨ) ਸ਼ਿਵਨਾਥ ਰਾਜੇ ਦੇ ਸਰਕਾਰੀ ਬਾਗ ਵਿਚ ਬੈਠੇ ਸਨ ਤਾਂ ਉਹਨਾਂ ਨੂੰ ਭਰਮਾਉਣ ਤੇ ਡੁਲਾਉਣੀ ਵਾਸਤੇ 'ਸੁੰਦਰ ਮਨਮੋਹਨ ਵਾਲੀਆਂ ਇਸਤਰੀਆਂ ਜਿਹਨਾਂ ਤੋਂ ਉਸ ਦਿਨ ਤੱਕ ਬਾਗ ਵਿਚ ਆਇਆ ਕੋਈ ਵੀ ਸਾਧ ਬਾਬਾ ਨਾ ਬਚ ਸਕਿਆ। ਉਹ ਆਪਣੇ ਸਾਰੇ ਟਿਲ ਲਾ ਰਹੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਰੱਸ ਭਿੰਨੀ ਅਵਾਜ਼ ਵਿਚ ਕਿਹਾ :

ਗਾਛਹੁ ਪੁਤ੍ਰੀ ਰਾਜ ਕੁਆਰਿ॥ ਨਾਮੁ ਭਣਹੁ ਸਚੁ ਦੋਤੁ ਸਵਾਰਿ॥(੧੧੮੭)

"ਜਾਓ ਬੱਚੀਓ, ਕਰਤਾਰ ਚਿਤ ਆਵੇ। ਰੱਬ ਦਾ ਨਾਮ ਲਵੋ ਤੇ ਸੱਚੇ ਸ਼ਿੰਗਾਰ ਵਾਲੀਆਂ ਬਣੋ"

ਉਹ ਸੋਚਦੀ ਹੋਵੇਗੀ ਕਿ ਅੱਜ ਮੈਨੂੰ ਵੀ ਕੋਈ ਗੁਰੂ ਨਾਨਕ ਦਾ ਸਿੱਖ ਇੰਝ ਕਹਿ ਕੇ ਗੁਰਮਤਿ ਦੇ ਰਾਹ ਤੇ ਚੱਲਣ ਲਈ ਕਹੇਗਾ। ਪਰ ਉਹ ਤਾਂ ਸਾਰੇ ਸਿੱਖੀ ਪਹਿਰਾਵੇ ਵਿਚ ਮੱਸੇ ਰੰਗੜ ਸਨ। ਜਦੋਂ ਵੀ ਕਿਸੇ (ਪੰਥ) ਧਰਮ ਵਿਰੋਧੀ ਨੇ ਸਿੱਖੀ ਵੱਲ ਮਾੜੀ ਨਜ਼ਰ ਨਾਲ ਵੇਖਿਆ, ਸਿੱਖ ਨੇ ਉਸ ਨੂੰ ਮੂੰਹ ਤੋੜਵਾ ਜਵਾਬ ਦਿੱਤਾ। ਪੰਥ ਵਿਰੋਧੀ ਜਿਉਂ ਜਿਉਂ ਸਿੱਖਾਂ ਨੂੰ ਖਤਮ ਕਰ ਰਹੇ ਸੀ, ਤਿਉਂ ਤਿਉਂ ਸਿੱਖ 'ਦੂਣ ਸਿਵਾਏ' ਹੁੰਦੇ ਗਏ। ਅਨੇਕਾਂ ਤਸੀਹੇ ਸਹਿ ਕੇ ਸਿੱਖ ਸ਼ਹੀਦ ਹੁੰਦੇ ਗਏ। ਪਰ ਸਿੱਖੀ ਨੂੰ ਆਂਚ ਨਾ ਆਉਣ ਦਿੱਤੀ।

ਪਰ ਅੱਜ ਅਖੌਤੀ ਸਿੱਖਾਂ ਵਲੋਂ ਸਿੱਖ ਨੂੰ ਹੀ ਨਹੀਂ ਬਲਕਿ ਸਿੱਖੀ ਨੂੰ ਹੀ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਆਓ ਪੰਥ ਦਰਦੀਓ, ਸਿੱਖਾਂ ਵੱਲੋਂ ਹੀ ਹੁੰਦੇ ਸਿੱਖੀ ਦੇ ਘਾਣ ਨੂੰ ਬਚਾਉਣ ਲਈ 'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ' ਦਾ ਨਾਅਰਾ ਮਾਰ ਕੇ ਮੈਦਾਨ ਵਿਚ ਆਈਏ। ————

(ਪੰਨਾ ੩ ਦਾ ਬਾਕੀ ....)

ਡਿੰਭ-ਧਾਰੀਆਂ ਨਿਮਾਈ ਸ਼ਸਤਰ-ਧਾਰੀ ਸਿੰਘ ਸਜਣਾ ਸ੍ਰੀ ਖੜਗਧਾਰੀ ਦਸਮੇਸ਼ ਜੀ ਦੇ ਹੁਕਮਾਂ ਤੋਂ ਉਲਟ ਹੈ । ਆਪ ਭੈ ਮੰਨਣਹਾਰ ਅਤੇ ਹੋਰਨਾਂ ਨੂੰ ਭੈ ਦੇਣਹਾਰੇ ਸੰਸਾਰੀ ਮਾਇਕ ਮਨੋਰਥਾਂ ਲਈ ਵੈਰ-ਵਿਰੋਧ ਕਮਾਵਣਹਾਰੇ ਜਰਵਾਣਿਆਂ ਦੇ ਖਲਦਲਾਂ ਵਿਚ ਕੇਵਲ ਉਪਜੀਵਕਾ ਹਿਤ ਲੋਕ-ਲਹਿਰ ਦੇ ਮਾਰੇ ਸ਼ਸਤਰਧਾਰੀ ਬਣ ਕੇ ਚਾਕਰੀਆਂ ਕਰਨੀਆਂ, ਸ਼ਸਤਰਧਾਰੀ ਪਦ, ਨੂੰ ਲਾਜ ਲਾਉਣਾ ਹੈ। ਸਿੰਘ ਸ਼ਸਤਰਧਾਰੀ ਜੇਕਰ ਅਜਿਹੇ ਸੂਰਮਿਆਂ ਵਿਚ ਜਾ ਕੇ ਕੇਵਲ ਉਪਜੀਵਕਾ ਨਮਿਤ ਨੌਕਰ ਹੋਣਗੇ ਤਾਂ ਉਨ੍ਹਾਂ ਦੀ ਸੂਰਮਤਾਈ ਨੂੰ ਵੱਟਾ ਹੀ ਨਹੀਂ ਲਗੇਗਾ, ਬਲਕਿ ਸੂਰਮਤਾਈ ਦੀ ਅਸਲ ਸਪਿਰਟ ਹੀ ਉਨ੍ਹਾਂ ਦੇ ਅੰਦਰ ਨਹੀਂ ਰਹੇਗੀ । ਸੂਰਮਤਾਈ, ਸੂਰਬੀਰਤਾ ਦੀ ਸਪਿਰਟ ਬਿਹੂਨ ਸਿੰਘ ਕਾਹਦਾ ? ਸਿੰਘ ਸੂਰਮਾਂ ਉਹ ਹੈ ਜੋ ਬੀਰ ਰਸ ਦੇ ਨਿਰਭੈ ਪਦ ਵਿਚ ਵਿਚਰਦਾ ਹੈ, ਅਤੇ ਚੜ੍ਹਦੀ ਕਲਾ ਉਥੇ ਹੈ ਜਿਥੇ ਲੋਭ-ਲਹਿਰ ਨਹੀਂ, ਜਿਥੇ ਮਾਇਕ ਮਨੋਰਥ ਨਹੀਂ, ਜਿਥੇ ਮਾਇਆਵੀ ਜੀਵਾਂ ਦੀ ਮੁਥਾਜੀ ਨਹੀਂ, ਜਿਥੇ ਅਕਾਲਪੁਰਖ ਤੋਂ ਛੁਟ ਅਤੇ ਗੁਰੂ ਪੰਥ ਦੀ ਆਗਿਆ ਤੋਂ ਉਲਟ ਹੋਰ ਕਿਸੇ ਦੀ ਈਨ-ਮਨੌਤੀ ਨਹੀਂ । ਜਿਥੇ ਏਸ ਪਰਕਾਰ ਦੀ ਕਾਣ ਹੈ ਓਥ ਨਿਰਭੈ ਪਦ ਕਿਥੇ ? ਅਤੇ ਨਿਰਭੈਂ ਪਦ ਵਾਲੀ ਨਿਰਭੈਤਾ ਬਿਹੂਣੇ ਸ੍ਰੀ ਸਾਹਿਬ ਸਾਰਖੇ ਸ਼ਸਤਰ ਨੂੰ ਧਾਰਨ ਕਰਨਾ, ਸ੍ਰੀ ਸਾਹਿਬ ਦੀ ਬੇਅਦਬੀ ਕਰਨਾ ਹੈ।'

('ਗੁਰਮਤਿ ਬਿਬੇਕ' ਪੁਸਤਕ ਵਿਚੋਂ)

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਆਲੀ ਸਿੰਘ ਗੰਗਾ ਨਗਰ- | 100/- | ਬੀਬੀ ਕ੍ਰਿਪਾਲ ਕੌਰ- | 4000/- |
| ਗਿਆਨ ਕੌਰ ਦੁੱਗਰੀ ਲੁਧਿਆਣਾ- | 100/- | ਸ੍ਰ. ਗੁਰਦੀਪ ਸਿੰਘ ਮੋਹਾਲੀ- | 100/- |



www.AKJ.Org

# ਗੁਰਮਤਿ ਸਾਂਝਾ

ਜਿਨ੍ਹਾ ਦੇ ਹੱਥ ਤਾਕਤ ਹੈ ਉਹ ਵੀ ਜਾਣਦੇ ਹਨ ਕਿ ਉਹਨਾ ਨੇ ਕਿਵੇਂ ਪ੍ਰਾਪਤ ਕੀਤੀ ਹੈ। ਜੱਜ ਵੀ ਜਾਣਦੇ ਹਨ, ਪੁਲਿਸ ਵੀ ਜਾਣਦੀ ਹੈ ਤੇ ਦਫਤਰ ਸ਼ਾਹ ਵੀ ਜਾਣਦੇ ਹਨ। ਇਹ ਵੀ ਸਾਰਿਆਂ ਨੂੰ ਪਤਾ ਹੈ ਕਿ ਉਸ ਤਾਕਤ ਦੀ ਦੁਰਵਰਤੋਂ ਅਤੇ ਕੁਵਰਤੋਂ ਕਿਵੇਂ ਹੋ ਰਹੀ ਹੈ ਪਰ ਕੋਈ ਅਜਿਹਾ ਵਿਅਕਤੀ ਨਹੀਂ ਹੈ ਜਿਸ ਦੇ ਅੰਦਰ ਧਰਮ ਬੈਠਾ ਹੋਵੇ, ਨਿਆਂ ਬੈਠਾ ਹੋਵੇ, ਸੱਚ ਬੈਠਾ ਹੋਵੇ, ਦਲੇਰੀ ਬੈਠੀ ਹੋਵੇ, ਜੋ ਬਲਿਦਾਨ ਦੇਣ ਦੀ ਪ੍ਰੇਰਨਾ ਦੇਵੇ। ਸਾਰੇ ਹੀ ਅੰਦਰੋਂ ਪਾਖੰਡੀ ਹਨ, ਮਤਲਬੀ ਹਨ, ਮੌਕੇ ਦੀ ਤਲਾਸ਼ ਵਿੱਚ ਹਨ ਕਿ ਕਦੋਂ ਧਨ ਇਕੱਠਾ ਕਰਨ ਦੀ ਉਹਨਾ ਦੀ ਵਾਰੀ ਆਵੇਗੀ ਤੇ ਉਹ ਵੀ ਤਾਕਤ ਹਥਿਆ ਲੈਣਗੇ।

(ਅਕਾਲ ਉਪਮਾ)

ਕਿਸੇ ਵੀ ਨੁਕਤੇ ਤੋਂ ਪਰੱਖ ਹਿੰਦੂ ਅਤੇ ਸਿੱਖ ਮੱਤ ਦੇ ਅਸੂਲਾ ਦੀ ਸਾਝ ਨਹੀਂ ਬਣ ਸਕਦੀ। ਇਸ ਦੀ ਇਤਿਹਾਸਿਕ ਗਵਾਹੀ ਕਾਜ਼ੀ ਨੂਰ ਮੁਹੰਮਦ ਦੇ ਲਿਖੇ ਜੰਗ-ਨਾਮਾ ਤੋਂ ਵੀ ਮਿਲਦੀ ਹੈ। ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ "ਇਹਨਾਂ ਦਾ ਪੰਥ ਨਾਨਕ ਤੋਂ ਸ਼ੁਰੂ ਹੋਇਆ ਹੈ ਜਿਸ ਨੇ ਸਿੱਖ ਨੂੰ ਨਿਰਾਲਾ ਪੰਥ ਦਿੱਤਾ ਹੈ। ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਗੁਰੂ ਹੋਇਆ ਹੈ। ਉਸ ਤੋਂ ਇਹਨਾ ਨੂੰ 'ਸਿੰਘ' ਪਦਵੀ ਪ੍ਰਾਪਤ ਹੋਈ ਹੈ। ਇਹ ਹਿੰਦੂਆਂ ਵਿਚੋਂ ਨਹੀਂ ਹਨ। ਫਿਰ ਵੀ ਕਿਸੇ ਦਾ ਆਖਣਾ ਕਿ ਸਿੱਖ ਹਿੰਦੂਆ ਵਿਚੋਂ ਨਿਕਲੇ ਹਨ, ਸਿੱਖ ਹਿੰਦੂਆਂ ਦੀ ਰਖਸ਼ਾ ਲਈ ਜਾ ਗਊ ਰਖਸ਼ਾ ਆਦਿਕ ਲਈ ਪੈਦਾ ਹੋਏ ਹਨ, ਸਿੱਖ ਧਰਮ ਨਾਲ ਇਕ ਸਿੱਧਾ ਮਖੌਲ ਹੈ ਜਿਹੜਾ ਸਹਾਰਿਆ ਨਹੀਂ ਜਾ ਸਕਦਾ। (ਸਿੱਖ ਫੁਲਵਾੜੀ)

ਸਿੱਖ ਕਾਫਲਾ ਜਦੋ ਅੱਗ ਦੇ ਸਫਰ ਵਿਚੋਂ ਕੁੰਦਨ ਬਣ ਕੇ ਨਿਕਲਿਆ ਤਾਂ ਇਤਿਹਾਸ ਉਸ ਨੂੰ ਆਪਣਾ ਸ਼ਿੰਗਾਰ ਬਣਾ ਕੇ ਧਾਰਨ ਕਰਨ ਲਈ ਬੇਤਾਬ ਹੋ ਉਠਿਆ। ਜਦੋਂ ਇਹ ਕੁੰਦਨ ਖਾਲਸਾ ਤਵਾਰੀਖ ਦੇ ਗਲੇ ਦਾ ਹਾਰ ਬਣਿਆ, ਤਾ ਬਾਬੇ ਨਾਨਕ ਦੇ ਪੰਥ ਦੀ ਗਲੀ ਵਿਚ ਵਿਛੇ ਅੰਗਿਆਰ, ਫੁੱਲ ਬਣ ਗਏ। ਪਰ ਇਹੀ ਉਹ ਮੰਦਭਾਗਾ ਸਮਾਂ ਸੀ ਜਦੋਂ ਇਸ ਰਾਹ 'ਤੇ ਸਿਰਦਾਰਾਂ (ਸਿਰ ਦੇ ਕੇ ਇਸ ਗਲੀ ਵਿਚ ਵੜਨ ਵਾਲੇ ਮਰਜੀਵੜਿਆ) ਦੇ ਨਾਲ-ਨਾਲ ਮੌਕਾਪ੍ਰਸਤ ਡਾਰਾਂ ਦੀਆ ਡਾਰਾ ਦੇ ਪੈਰ ਵੀ ਇਨ੍ਹਾਂ ਰਾਹਾਂ 'ਤੇ ਪਏ। ਕੁੰਦਨ ਖਾਲਸੇ ਵਿਚ ਖੋਟ ਰਲ ਗਈ, ਜੋ ਬ੍ਰਾਹਮਣਵਾਦ ਦੀ ਮੈਲ ਨੂੰ ਵੀ ਆਪਣੇ ਨਾਲ ਹੀ ਇਨ੍ਹਾ ਰਾਹਾ 'ਤੇ ਲੈ ਆਈ। ਇਹੀ ਕਾਰਨ ਹੈ ਕਿ ਬ੍ਰਾਹਮਣ ਦੀ ਕਾਣੀ ਵਰਨ ਵੰਡ ਤੋਂ ਦੁਖੀ ਕੋਈ ਅਛੋਤੀ ਸ਼ੂਦਰ ਜਦੋਂ ਸੱਚੇ ਮਨੋਂ ਵੀ ਇਸ ਪੰਧ ਦੇ ਪਾਂਧੀ ਬਣਨ ਲਈ ਆਉਂਦਾ ਹੈ ਤਾ ਉਸ ਨੂੰ ਇਥੇ ਵੀ ਬ੍ਰਾਹਮਣੀ ਕੈਦ ਦਾ ਝਾਉਲਾ ਪੈਂਦਾ ਹੈ ਤੇ ਉਸ ਦੇ ਕਦਮ ਵਾਪਸ ਮੁੜ ਜਾਂਦੇ ਹਨ। (ਗੁਰਮਤਿ ਪ੍ਰਕਾਸ਼)

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਭੈਰੋਂ ਵਿਚ ਸਪੱਸ਼ਟ ਕਰ ਕੇ ਲਿਖ ਦਿਤਾ ਕਿ "ਅਸੀਂ ਨਾ ਹਿੰਦੂ ਹਾਂ, ਨਾ ਮੁਸਲਮਾਨ"। ਗੁਰੂ ਦੇ ਇਸ ਸਪੱਸ਼ਟ ਨਿਰਣੇ ਨੂੰ ਨਾ ਕੋਈ ਸਿੱਖ ਚੁਨੌਤੀ ਦੇ ਸਕਦਾ ਹੈ, ਨਾ ਗੈਰ-ਸਿੱਖ। ਜਿਹੜਾ ਦੇਂਦਾ ਹੈ, ਉਹ ਗੁਰੂ-ਨਿੰਦਕ ਹੈ ਤੇ ਗੁਰੂ-ਘਰ ਦਾ ਕੱਟੜ ਵਿਰੋਧੀ। ਆਰ. ਐਸ. ਐਸ. ਨੇ ਸਿੱਖਾ ਨੂੰ 'ਹਿੰਦੂ' ਕਹਿ ਕੇ ਇਹੀ ਕੁੱਝ ਕੀਤਾ ਸੀ। ਆਰ. ਐਸ. ਐਸ. ਸੱਚ ਨੂੰ ਮੰਨੇ ਭਾਵੇਂ ਨਾ ਮੰਨੇ, ਸਿੱਖਾਂ ਨੂੰ ਇਸ ਦਾ ਫ਼ਰਕ ਨਹੀਂ ਪੈਂਦਾ। ਪਰ ਜੇ ਆਰ. ਐਸ. ਐਸ. ਨੇ ਈਮਾਨਦਾਰੀ ਨਾਲ ਸੱਚ ਮੰਨਿਆ ਹੈ ਤਾ ਨਿਰਾ ਬਿਆਨ ਦੇਣਾ ਹੀ ਕਾਫ਼ੀ ਨਹੀਂ। ਉਸ ਨੂੰ ਸਿੱਖਾ ਦੀ ਆਜ਼ਾਦ ਹਸਤੀ ਨੂੰ ਚੁਨੌਤੀ ਦੇਣ ਦੀ ਕਥਾ ਦਾ ਪੂਰਾ ਇਤਿਹਾਸ ਸਮਝਣਾ ਚਹੀਦਾ ਹੈ ਅਤੇ ਇਕ 'ਵੱਖਰੇ ਧਰਮ' ਪ੍ਰਤੀ ਪੂਰਾ ਸਤਿਕਾਰ ਪ੍ਰਗਟ ਕਰ ਕੇ, ਸਿੱਖਾ ਨੂੰ ਉਨ੍ਹਾਂ ਦਾ ਬਣਦਾ ਹੱਕ ਵੀ ਦਿਵਾਉਣਾ ਚਾਹੀਦਾ ਹੈ। ਹੁਣ ਤਕ 'ਹਿੰਦੂਤਵ ਸ਼ਕਤੀਆ' ਸਿੱਖਾ ਨੂੰ ਅਪਣੇ ਅੰਦਰ ਜਜ਼ਬ ਕਰ ਲੈਣ ਦੀ ਭਾਵਨਾ ਅਧੀਨ ਸਿੱਖਾ ਦੇ ਹੱਕਾ ਤੇ ਛਾਪਾ ਮਾਰਦੀਆ ਰਹੀਆ ਹਨ ਤਾਂ ਕਿ ਇਕ ਵਖਰੇ ਧਰਮ' ਵਜੋਂ ਸਿੱਖ ਤਾਕਤ ਨਾ ਫੜ ਲੈਣ। ਉਨ੍ਹਾਂ ਨੇ ਸਿੱਖਾ ਨੂੰ 'ਵੱਖਰਾ ਧਰਮ' ਸਚਮੁਚ ਹੀ ਮੰਨਿਆ ਹੈ ਜਾ ਕਿਸੇ ਨੀਤੀ-ਵਜੋਂ-ਇਸ ਦਾ ਪਤਾ ਉਨ੍ਹਾਂ ਵਲੋਂ ਸਿੱਖ ਉਮੰਗਾਂ ਪ੍ਰਤੀ ਧਾਰਨ ਕੀਤੇ ਰਵੱਈਏ ਨੂੰ ਵੇਖ ਕੇ ਹੀ ਲੱਗ ਸਕੇਗਾ। (ਸਪੋਕਸਮੈਨ)



www.AKJ.Org

ਆਰ. ਐਸ. ਐਸ. ਵੱਲੋਂ ਸਿੱਖ ਧਰਮ ਬਾਰੇ ਪਾਏ ਜਾ ਰਹੇ ਭੁਲੇਖਿਆਂ ਦੇ ਪ੍ਰਸੰਗ 'ਚ

# ਕੁਝ ਸਵਾਲ ਇਹ ਵੀ

(ਜਸਪਾਲ ਸਿੰਘ -ਚੈਅਰਮੈਨ ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਮੁਹਾਲੀ)

ਪ੍ਰਸ਼ਨ : ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਉਂਦੇ ਨੀਹਾਂ ਵਿੱਚ ਚਿਣੇ ਜਾਣ ਦੇ ਹੁਕਮ ਦੇ ਖਿਲਾਫ ਹਾਅ ਦਾ ਨਾਅਰਾ ਕਿਸ ਨੇ ਮਾਰਿਆ ?

ਉਤਰ : ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ।

ਪ੍ਰਸ਼ਨ : ਸਿਖ ਪੰਥ ਨੇ ਸ਼ੇਰ ਮੁਹੰਮਦ ਖਾਨ ਦੇ ਸਤਿਕਾਰ ਵਿੱਚ ਕੀ ਕੀ ਕੀਤਾ ?

ਉਤਰ : ਖਾਲਸਾ ਪੰਥ ਨੇ ਸ਼ੇਰ ਮੁਹੰਮਦ ਖਾਨ ਦੀ ਯਾਦ ਵਿੱਚ ਮਲੇਰਕੋਟਲਾ ਵਿਖੇ 'ਹਾਅ ਦ ਨਾਅਰਾ' ਗੁਰਦੁਆਰਾ ਬਣਾਇਆ। ਫਤਹਿਗੜ੍ਹ ਸਾਹਿਬ ਵਿੱਚ ਸ਼ਹੀਦੀ ਅਸਥਾਨ ਵਿਖੇ ਇੱਕ ਗੇਟ ਦਾ ਨਾਮ 'ਸ਼ੇਰ ਮੁਹੰਮਦ ਖਾਨ ਗੇਟ' ਰੱਖਿਆ ਅਤੇ ਹਿੰਦ-ਪਾਕਿ ਵੰਡ ਸਮੇਂ 1947 ਵਿੱਚ ਮਲੇਰਕੋਟਲੇ ਦੀ ਜੂਹ ਵਿੱਚ ਵੱਸਣ ਵਾਲੇ ਮੁਸਲਮਾਨਾਂ ਦੀ ਰਾਖੀ ਦਾ ਕੰਮ ਖਾਲਸਾ ਪੰਥ ਨੇ ਖੁਦ ਸੰਭਾਲਿਆ ਅਤੇ ਇਕ ਵੀ ਮੁਸਲਮਾਨ ਦਾ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਣ ਦਿੱਤਾ। ਅੱਜ ਵੀ ਮੁਸਲਮਾਨ ਇਸੇ ਸ਼ਹਿਰ ਵਿੱਚ ਸੁਖੀ ਸਾਂਦੀ ਵੱਸਦੇ ਹਨ ਅਤੇ ਮਲੇਰਕੋਟਲਾ ਅਸੈਂਬਲੀ ਹਲਕੇ ਤੋਂ ਸਦਾ ਮੁਸਲਮਾਨ ਐਮ. ਐਲ. ਏ. ਹੀ ਜਿੱਤਦਾ ਹੈ

ਪ੍ਰਸ਼ਨ : ਦੁਨੀਆਂ ਦਾ ਇਕੋ-ਇਕ ਉਹ ਕਿਹੜਾ ਧਾਰਮਿਕ ਗ੍ਰੰਥ ਹੈ ਜਿਸ ਵਿੱਚ ਵੱਖ ਵੱਖ ਧਰਮਾਂ ਦੇ ਮੰਨਣ ਵਾਲੇ ਮਹਾਂਪੁਰਸ਼ਾਂ ਦੇ ਕਲਾਮ ਨੂੰ ਬਰਾਬਰ ਦੀ ਥਾਂ ਤੇ ਸਤਿਕਾਰ ਦਿੱਤਾ ਗਿਆ ?

ਉਤਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਸ ਵਿੱਚ ਹਿੰਦੂਆਂ, ਮੁਸਲਮਾਨਾਂ ਤੇ ਦਲਿਤ ਸ਼੍ਰੇਣੀਆ ਨਾਲ ਸਬੰਧਤ ਮਹਾਨ ਭਗਤਾਂ ਦੀ ਪਵਿੱਤਰ ਬਾਣੀ ਸ਼ਾਮਿਲ ਹੈ। ਗੁਰਦੁਆਰਿਆਂ ਵਿੱਚ ਇਸੇ ਮਹਾਨ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ ਜਿਸ ਨੂੰ ਆਪਣਾ ਗੁਰੂ ਮੰਨ ਕੇ ਸਮੁਚਾ ਸਿਖ ਪੰਥ ਸੀਸ ਨਿਵਾਉਂਦਾ ਹੈ ਅਤੇ ਇਸੇ ਗ੍ਰੰਥ ਤੋਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀਆ ਦੁਆਵਾ ਮੰਗਦਾ ਹੈ।

ਪ੍ਰਸ਼ਨ : ਦੁਨੀਆਂ ਭਰ ਦੀਆਂ ਸਭਿਅਤਾਵਾਂ ਦੀਆਂ ਉਤਰਾਈਆਂ ਤੇ ਚੜ੍ਹਾਈਆਂ ਦੀ ਡੂੰਘੀ ਤੋਂ ਡੂੰਘੀ ਦਾਸਤਾਨ ਕਹਿਣ ਵਾਲਾ ਸੰਸਾਰ ਪ੍ਰਸਿੱਧ ਇਤਿਹਾਸਕਾਰ ਕਿਹੜਾ ਹੈ ?

ਉਤਰ : ਅੰਗਰੇਜ਼ ਇਤਿਹਾਸਕਾਰ ਆਰਨਲਡ ਟਾਇਨਬੀ (Arnold Joseph Toyanbee : 1889-1975)

ਪ੍ਰਸ਼ਨ : ਗੁਰੂ ਗ੍ਰੰਥ ਸਾਹਿਬ ਤੇ ਸਿਖ ਧਰਮ ਬਾਰੇ ਉਸ ਨੇ ਕੀ ਭਵਿੱਖਬਾਣੀ ਕੀਤੀ ?

ਉਤਰ : ਮਨੁੱਖ ਦਾ ਧਾਰਮਿਕ ਭਵਿੱਖ ਧੁੰਦਲਾ ਹੈ ਪਰ ਫਿਰ ਵੀ ਇਸ ਦੇ ਬਾਵਜੂਦ ਇਕ ਚੀਜ਼ ਦੇਖੀ ਜਾ ਸਕਦੀ ਹੈ ਕਿ ਜਿਉਂਦੇ ਜਾਗਦੇ ਤੇ ਉਚੀਆ ਮੰਜ਼ਲਾ ਵਾਲੇ ਧਰਮ ਪਹਿਲਾਂ ਦੀ ਨਿਸਬਤ ਹੁਣ ਇਕ ਦੂਜੇ ਦੇ ਵਧੇਰੇ ਨੇੜੇ ਆ ਰਹੇ ਹਨ ..... ਭਵਿੱਖ ਵਿਚ ਧਰਮਾਂ ਵਿਚਕਾਰ ਹੋਣ ਵਾਲੀ ਵਿਚਾਰ ਚਰਚਾ ਵਿਚ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੋਲ ਕੁੱਝ ਐਸੀ ਵਿਸ਼ੇਸ਼ ਗੱਲ ਜ਼ਰੂਰ ਹੈ ਜੋ ਬਾਕੀ ਸਾਰੀ ਦੁਨੀਆਂ ਨੂੰ ਦੱਸੀ ਜਾ ਸਕਦੀ ਹੈ।''

ਪ੍ਰਸ਼ਨ : ਉਹ ਕਿਹੜੇ ਗੁਰੂ ਸਾਹਿਬ ਸਨ ਜਿਨ੍ਹਾਂ ਨੇ ਕਿਸੇ ਹੋਰ ਧਰਮ ਦੀ ਆਜ਼ਾਦੀ ਦੀ ਰਾਖੀ ਲਈ ਸ਼ਹਾਦਤ ਦਿੱਤੀ ?

ਉਤਰ : ਨੌਂਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੇ ।

ਪ੍ਰਸ਼ਨ : ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਝੰਡਾ ਸਭ ਤੋਂ ਪਹਿਲਾਂ ਕਿਸ ਨੇ ਬੁਲੰਦ ਕੀਤਾ ?

ਉਤਰ : ਗੁਰੂ ਤੇਗ ਬਹਾਦਰ ਸਾਹਿਬ ਨੇ ।

ਪ੍ਰਸ਼ਨ : ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਹੋਈ ਉਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕਿੰਨੀ ਸੀ ?

ਉਤਰ : ਕੇਵਲ ਨੌਂ ਸਾਲ।

ਪ੍ਰਸ਼ਨ : ਰੈਡ ਕਰਾਸ ਦੀ ਅਸਲ ਭਾਵਨਾ ਦੀ ਮੋਢੀ ਕੋਣ ਸੀ ?

ਉਤਰ : ਭਾਈ ਘਨਈਆ ਜੀ।

(ਚਲਦਾ)



www.AKJ.Org

# ਪੱਟਕਾ ਰੋਗ

*(ਸ੍ਰ: ਅਮਰਜੀਤ ਸਿੰਘ ਲੁਧਿਆਣਾ)*

"ਭੈੜੇ ਸੇ ਭੈੜੇ ਰੋਗ ਕੇ ਨਾਮ ਸੁਣੇ ਹਨ, ਜਿਵੇਂ ਤਪਦਿਕ, ਕੈਂਸਰ, ਦਿਲ ਦਾ ਫੇਲ੍ਹ ਹੋ ਜਾਣਾ ਅਤੇ ਕੋਹੜ ਪਰ ਆਹ, ਪੱਟਕਾ ਰੋਗ ਕਿਆ ਹੋਇਆ ਭੈਣ ? ਇਹ ਤਾਂ ਕਦੀ ਨਹੀਂ ਸੁਣਿਆ ਪਹਿਲੋਂ, ਕਿਸੀ ਸੇ, ਤੇਰੇ ਮੂੰਹੋਂ ਹੀ ਸੁਣਦੀ ਪਈ ਹਾਂ।"

ਫ਼ੌਜਣ ਨੇ ਆਪਣੀ ਸਹੇਲੀ ਜੋ 'ਇਕ ਅੰਮ੍ਰਿਤਧਾਰੀ ਬੀਬੀ ਹੈ ਅਤੇ ਕੇਸਕੀ ਸਜਾਈ, ਚੁੰਨੀ ਲਈ ਇਸ ਦੇ ਸਨਮੁੱਖ ਬੈਠੀ ਹੈਂ' ਦੇ ਕੀਤੇ ਬਚਨਾਂ 'ਤੇ ਹੈਰਾਨੀ ਪ੍ਰਗਟ ਕੀਤੀ।

ਅੰਮ੍ਰਿਤਧਾਰੀ ਬੀਬੀ ਨੇ ਕਿਹਾ, "ਭੈਣ, ਇਹ ਰੋਗ ਦਿਨ ਪ੍ਰਤੀ ਦਿਨ ਢਾਹ ਲਾਉਂਦਾ ਜਾ ਰਿਹਾ ਏ ਗੁਰੂਆਂ ਦੀ ਬਖਸ਼ੀ ਦਾਤ ਨੂੰ, ਜਿਸ ਦੀ, ਕੋਈ ਸਮਾਂ ਸੀ, ਜਦੋਂ ਸਾਰੇ ਸੰਸਾਰ ਵਿੱਚ ਧਾਂਕ ਪਈ ਹੋਈ ਸੀ। ਗੁਰੂ ਮਿਹਰ ਕਰਨ, ਇੰਝ ਲੱਗਦਾ ਮੈਨੂੰ ਤਾਂ ਕਿ ਜੇਕਰ ਇਸ ਦਾ ਹੁਣੇ ਕੋਈ ਉਪਾਅ ਨਾ ਸੋਚਿਆ ਗਿਆ ਤਾਂ ਇੱਕ ਨ ਇੱਕ ਦਿਨ ਇਸ ਨੇ ਵੀ ਦੂਸਰਿਆਂ ਰੋਗਾਂ ਦੀ ਤਰ੍ਹਾਂ ਅਸਾਧ ਰੋਗ ਬਣ ਜਾਣਾ ਏ। ਫਿਰ ਕੀ ਕਰਾਂਗੇ, ਜਦੋਂ ਕੋਈ ਚਾਰਾ ਹੀ ਨਾ ਰਿਹਾ।"

ਤੇਰਾ ਇਹ ਗੁੰਦ-ਕਤੀਰਾ, ਮੇਰੀ ਸਮਝ ਤੇ ਨਹੀਂ ਆਇਆ, ਸੱਚੀ ਦਸਾਂ । ਭਾਈਆਣੀ ਜੀ, ਮੈਂ ਮੂਰਖ ਕੋ ਤਾਂ ਤੇਰੇ ਵਾਲਾ ਗਿਆਨ ਕੋਈ ਨਹੀਂ। ਸਿੱਧ-ਪੱਧਰੀ ਜਹੀ ਗੱਲ ਕਰ ਮੇਰੇ ਨਾਲ ਤੋ, ਐਵੇਂ ਕਹਾਣੀਆਂ ਪਾਉਣੇ ਕੀ ਲੋੜ ਨਹੀ ਜੋ ਸਮਝ ਮੇਂ ਹੀ ਨਾ ਆਵੇ। ਫ਼ੌਜਣ ਨੇ ਆਪਣੀ ਸਹੇਲੀ ਨੂੰ ਠੁੱਲੀ ਅਤੇ ਹਿੰਦੀ ਰਲੀ ਜ਼ਬਾਨ ਵਿੱਚ ਕਿਹਾ। ਇਹ ਅਧਖੜ ਉਮਰ ਦੀ ਬੀਬੀ ਇੱਕ ਫ਼ੌਜੀ ਦੇ ਘਰੋਂ, ਮੂਲੋਂ ਅਨਪੜ੍ਹ ਹੈ ਪਰ ਸ਼ਹਿਰ ਵਿੱਚ ਅਤੇ ਫ਼ੌਜੀ ਨਾਲ ਰਹਿਣ ਕਰਕੇ ਕਾਫ਼ੀ ਸ਼ਹਿਰੀ ਰੰਗਤ ਵੀ ਚੜ੍ਹੀ ਹੋਈ ਹੈ, ਇਸੇ 'ਤੇ। ਇਸੇ ਉਮਰ ਦੀ ਇਸ ਦੀ ਗੁਆਂਢਣ ਸਹੇਲੀ ਇਥੇ ਕਾਲਜ ਵਿੱਚ ਪੜ੍ਹਾਉਣ ਦੀ ਸੇਵਾ ਕਰਦੀ ਹੈ।

ਮੈਂ ਤੇ ਕਿਹਾ, ਜਿਹੜਾ ਆਪ ਨੂੰ ਲੱਗਿਆ ਹੋਵੇ ਉਸ ਦਾ ਝੱਟ ਪਤਾ ਲੱਗ ਜਾਂਦਾ ਹੈ ਪਰ ਉਹ ਜਾਣੇ ਤੂੰ ਕਹਿਨੀ ਏਂ ਤਾ ਮੈਂ ਦੱਸਦੀ ਹਾਂ। ਤੇਰਾ ਕੋਈ ਕਸੂਰ ਨਹੀਂ, ਫ਼ੌਜਣੇ । ਇਹ ਹੈ ਹੀ ਅਜਿਹਾ ਜਿਸ ਦਾ ਲੱਗੇ ਦਾ ਵੀ ਪਤਾ ਨਹੀਂ ਸਾਨੂੰ ਬਹੁਤਿਆਂ ਨੂੰ ਅਤੇ ਅਸੀਂ ਉਦੋਂ ਹੀ ਕੁਰਲਾਵਾਂਗੇ ਜਦੋਂ ਇਸ ਨੇ ਪੂਰੀ ਤਰ੍ਹਾਂ ਗ੍ਰਸ ਲਿਆ ਸਾਨੂੰ.....। ਅੰਮ੍ਰਿਤਧਾਰੀ ਬੀਬੀ ਕਹਿ ਰਹੀ ਸੀ ਕਿ ਵਿਚੋਂ ਹੀ ਉਸ ਦੀ ਸਹੇਲੀ ਨੇ ਉਹ ਟੋਕ ਦਿੱਤੀ। ਕਹਿਣ ਲੱਗੀ, ਨੀ ਭੈੜੀਏ, ਤੈਨੂੰ ਕਿਹਾ ਥਾ, ਬਈ ਦੱਸ, ਇਹ ਕੀ ਮਰਜ਼ ਹੈ ਤੂੰ ਫਿਰ ਕਹਾਣੀਆਂ ਪਾਈ ਜਾਤੀ ਹੈਂ।

ਹੱਛਾ, ਮੁਆਫ਼ ਕਰੀਂ, ਲੈ ਸੁਣ । ਫ਼ੌਜਣ ਦੀ ਸਹੇਲੀ ਕਹਿਣ ਲੱਗੀ, "ਤੂੰ ਦੇਖਦੀ ਨਹੀਂ ਭੈਣੇ, ਆਪਣੇ ਸਿੱਖ ਬੱਚੇ, ਦਾੜ੍ਹੀਆਂ ਵਾਲੇ ਕਿਤੇ ਕਿਤੇ ਵੱਡੀ ਉਮਰ ਵਾਲੇ ਸਿੰਘ, ਕਿਵੇਂ ਹਰਲ-ਹਰਲ ਪਏ ਫਿਰਦੇ ਹਨ, ਪੱਟਕਾ ਬੰਨ੍ਹੀਂ, ਮੁਹੱਲਿਆਂ ਵਿੱਚ, ਸੜਕਾਂ ਉਪਰ, ਗਲੀਆਂ, ਸਕੂਲਾਂ, ਕਾਲਜਾਂ, ਦਫ਼ਤਰਾਂ ਅਤੇ ਹੋਰ ਕੰਮ ਕਾਰ ਕਰਨ ਵਾਲੀਆਂ ਜਗ੍ਹਾ ਅਤੇ ਇਥੋਂ ਤੱਕ ਕਿ ਗੁਰੂ ਦਰਬਾਰ ਵਿੱਚ ਵੀ।"

ਬਸ । ਇਹ ਬਾਤ ਥੀ ਜਿਹਦੇ ਲਈ ਵੱਲ ਪੇਚ ਮਾਰਤੀ ਪਈ ਸੈਂ। ਮੇਰੀ ਤਾਂ ਜਾਨ ਮੁੱਠੀ ਵਿੱਚ ਅਈ ਥੀ ਬਈ ਪਤਾ ਨਹੀਂ ਕਿੱਡਾ ਕੁ ਭੈੜਾ ਹੋਣਾ ਏ, ਇਹ ਰੋਗ। ਨੀ ਜਾਹ ਨੀ ਭੈੜੀਏ, ਤੂੰ ਤੇ ਇਹੋ ਬਾਤ ਕੀਤੀ ਕਿ ਪੁੱਟਿਆ ਪਹਾੜ ਤੇ ਨਿਕਲਾ ਚੂਹਾ। ਫ਼ੌਜਣ ਨੇ ਸਹੇਲੀ ਨੂੰ ਕਿਹਾ। ਫਿਰ ਕਹਿਣ ਲੱਗੀ, "ਇਸ ਮੇਂ ਕੀ ਬੁਰੀ ਗੱਲ ਹੈ ?" ਨੰਗੇ ਸਿਰ ਤੋਂ ਨਹੀਂ ਫਿਰਤੇ ਨਾ ਬਾਲ ਕੱਟਿਆ ਅਤੇ ਸਿਰਮੁਨੀਆ ਭੇਡਾ ਦੀ ਤਰ੍ਹਾਂ।

ਜਿਸ ਕਮਰੇ ਵਿੱਚ ਇਹ ਦੋਵੇਂ ਬੀਬੀਆਂ ਬੈਠੀਆਂ ਫ਼ੌਜਣ ਦੇ ਘਰ, ਵਾਰਤਾਲਾਪ ਕਰਦੀਆਂ ਸਨ, ਉੱਥੇ ਅੰਗੀਠੀ ਉੱਪਰ ਕੁਝ ਪੁਰਾਣੀਆਂ ਫੋਟੋ ਪਈਆਂ ਸਨ। ਅੰਮ੍ਰਿਤਧਾਰੀ ਬੀਬੀ ਦੀ ਉੱਪਰ ਨਿਗ੍ਹਾ ਪੈਣ 'ਤੇ ਉਸ ਨੇ ਉਹ ਤਿੰਨ ਚਾਰ ਫਰੇਮ ਕੀਤੀਆਂ ਫੋਟੋ ਚੁੱਕੀਆਂ ਅਤੇ ਵਾਰੀ ਵਾਰੀ ਉਹਨਾਂ ਬਾਰੇ ਫ਼ੌਜਣ ਤੋਂ ਪੁੱਛਣ ਲੱਗੀ। ਆਹ, ਸਿੰਘ ਸਾਹਿਬ ਕੌਣ ਨੇ ? ਉਤਰ ਵਿੱਚ ਫ਼ੌਜਣ ਬੋਲੀ, ਇਹ ਫ਼ੌਜੀ ਦਾ ਬਾਬਾ ਹੈ। ਪਟਿਆਲਾ ਮਹਾਰਾਜਾ



www.AKJ.Org

ਦੀ ਫ਼ੌਜ ਮੇਂ ਥਾ। ਇਸ ਦੀ ਪਟਿਆਲਾ ਸ਼ਾਹੀ ਪੱਗ ਔਰ ਇਹ ਤਮਕੇ ਪਿੰਡ ਸੰਭਾਲ ਕੇ ਰੱਖੇ ਹੈਂ। ਫਿਰ ਦੂਸਰੀ ਫੋਟੋ ਬਾਰੇ ਫ਼ੌਜਣ ਨੇ ਦੱਸਿਆ ਕਿ ਇਹ ਮੇਰੇ ਫ਼ੌਜੀ ਦੇ ਪ੍ਰਵਾਰ ਕੀ ਹੈ। ਇਹ ਉਸ ਦਾ ਬਾਬਾ. ਇਹ ਬਾਪੂ ਜੋ ਅੰਗਰੇਜ਼ ਫੌਜ ਮੇਂ ਸੂਬੇਦਾਰ ਥਾ ਔਰ ਇਹ, ਦਸਤਾਰ ਸਜਾਈ, ਕੁੜਤਾ ਪਜਾਮਾ ਪਾਈ ੧ੲ ਸਾਲਾ ਦੇ ਬੱਚੇ ਦੀ ਫੋਟੋ ਉਤੇ ਉਂਗਲ ਰੱਖ ਕੇ ਕਹਿਣ ਲੱਗੀ, ਫ਼ੌਜੀ ਕੀ ਹੈ ਛੋਟੇ ਹੋਤੇ ਕੀ। ਫ਼ੌਜਣ ਨੇ ਦੋ ਦਾਨੀਆ ਤ੍ਰੀਮਤਾ, ਫ਼ੌਜੀ ਦੇ ਅੰਮਾ ਅਤੇ ਮਾ, ਤਿੰਨ ਵੱਡੀਆ ਭੈਣਾ ਜੋ ਸਲਵਾਰ ਕਮੀਜ਼ ਪਾਈ ਸਿਰਾ ਉਪਰ ਚੁੰਨੀਆਂ ਸੁਆਰੇ ਸਨ, ਦਾ ਵੀ ਦੱਸਿਆ। ਤੀਜੀ ਫ਼ੋਟੋ ਫ਼ੌਜੀ ਅੰਤੇ ਫ਼ੌਜਣ ਦੀ ਸੀ ਵਿਆਹ ਵੇਲੇ ਦੀ, ਜਿਸ ਵਿੱਚ ਸਿੱਖ ਪਲਟਨ ਦਾ ਸੋਹਣੀ ਦਸਤਾਰ ਸਜਾਈ ਫ਼ੌਜੀ ਵਰਦੀ ਵਾਲਾ ਸੁੱਥਾ ਜਵਾਨ ਇਕ ਸੱਜੀ-ਧੱਜੀ ਪੰਜਾਬੀ ਪਹਿਰਾਵੇ (ਸਲਵਾਰ ਕਮੀਜ ਅਤੇ ਚੁੰਨੀ) ਵਾਲੀ ਸੁੰਦਰ ਮੁਟਿਆਰ ਨਾਲ ਖੜਾ ਸੀ। ਚੌਥੀ ਫੋਟੋ ਸੀ ਇਹਨਾ ਦੇ ਪ੍ਰਵਾਰ ਦੀ, ਜਿਸ ਵਿਚ ਫ਼ੌਜੀ, ਫ਼ੌਜਣ ਤੋਂ ਬਿਨਾਂ, ਤਿੰਨ ਬੱਚੇ ਵੀ ਸਨ। ਇਹ ਫ਼ੌਜਣ ਨੇ ਦੱਸਿਆ, ਬਈ ਤੇਰਾ ਭਾਈ ਆਇਆ ਥਾ ਵਲੈਤੋਂ, ਪਿਛਲੇ ਵਰ੍ਹੇ, ਉਦੋਂ ਸਾਧਾਰਣ ਪਾਠ ਰੱਖਾ ਥਾ। ਫ਼ੌਜੀ ਪਾਠ ਕਰ ਰਿਹਾ ਸੀ ਅਤੇ ਅਸੀਂ ਸਭ ਸੁਨਤੇ ਥੇ।

ਇਸ ਫੋਟੋ ਵਿੱਚ ਫ਼ੌਜੀ ਕੇਸਰੀ ਪਰਨਾ ਬੰਨ੍ਹੀ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਸੀ, ਫ਼ੌਜਣ ਚੁੰਨੀ ਦੀ ਬੁੱਕਲ ਮਾਰੀ ਹੋਈ ਸੀ, ਉਸ ਦੀ ਜਵਾਨ ਧੀ ਸਿਰ ਉਪਰ ਇਕ ਰੁਮਾਲ ਦੀ ਗੰਢ ਮਾਰੀ ਆਪਣੇ ਤੋਂ ਵੱਡੇ ਦਾੜ੍ਹੀ ਵਾਲੇ ਭਰਾ, ਜਿਸ ਨੇ ਸਿਰ ਉਪਰ ਪੱਟਕਾ ਬੰਨ੍ਹਿਆ ਹੋਇਆ ਸੀ, ਨਾਲ ਬੈਠੀ ਸੀ। ਅੰਮ੍ਰਿਤਧਾਰੀ ਬੀਬੀ ਦੀਆ ਅੱਖਾ ਭਰ ਆਈਆ, ਇਹ ਦ੍ਰਿਸ਼ ਦੇਖ ਕੇ। ਫ਼ੌਜਣ, ਘਬਰਾ ਕੇ ਬੋਲੀ, ਕੀ ਦੌਰਾ ਪੈ ਗਿਆ ਈ ਤੈਨੂੰ, ਬੈਠੀ ਬੈਠੀ ਕੋ।

ਆਪਣੇ ਆਪ ਨੂੰ ਸੰਭਾਲਦੀ ਬੜੀ ਸੰਜੀਦਗੀ ਨਾਲ ਸਹੇਲੀ ਨੇ, ਫੌਜਣ ਤੋਂ ਪੁੱਛਿਆ, ਭੈਣੇ, ਤੇਰਾ ਫ਼ੌਜੀ ਨੌਕਰੀ 'ਤੇ ਵੀ ਗਿਆ ਹੋਣਾ ਏ, ਇਸ ਤਰ੍ਹਾਂ ਜਿਵੇਂ ਇਹ ਬੈਠਾ ਹੈ ਇਸ ਫੋਟੋ ਵਿੱਚ। ਉਤਰ ਵਿੱਚ ਫ਼ੌਜਣ ਨੇ ਕਿਹਾ, ਕਦੀ ਨਹੀਂ। ਉਥੇ ਤੋ ਵਰਦੀ ਮੇਂ ਜਾਣਾ ਹੁੰਦਾ ਹੈ ਪੂਰੀ ਦਸਤਾਰ ਸਜਾ ਕੇ ਨਹੀਂ, ਤੋਂ ਸਜਾ ਲੱਗ ਜਾਤੀ ਹੈ। ਅੱਛਾ, ਫ਼ੌਜਣੇ ਵਾਢੇ ਹੀ ਗਿਆ ਹੋਊ ਤੇਰਾ ਫੌਜੀ ਕਦੀ ਇਸ ਤਰ੍ਹਾਂ। ਜਵਾਬ ਫਿਰ ਨਹੀਂ ਵਿਚ ਸੀ ਅਤੇ ਨਾਲ ਇਹ ਵੀ ਕਿਹਾ, ਐਸੇ ਕਰਨ ਸੇ ਕੋਈ ਮੂਰਖ ਨਹੀਂ ਆਖੂਗਾ ਸਾਨੂੰ। ਕਾਰ-ਵਿਹਾਰ 'ਤੇ ਜਾਨੇ ਪਰ ਤੋ ਪੂਰੀ ਤਰ੍ਹਾਂ ਸੱਜ-ਧੱਜ ਕੇ ਜਾਣਾ ਚਾਹੀਏ। ਸਹੇਲੀ ਨੇ ਫ਼ੌਜਣ ਨਾਲ ਅੱਗੇ ਗੱਲ ਤੋਰਦਿਆ ਕਿਹਾ, ਆਪਣਾ ਕਾਕਾ ਤਾ ਕਾਲਜ ਇਵੇਂ ਹੀ ਜਾਂਦਾ ਹੈ ਨਾ ਸਿਰ ਉਪਰ ਪੱਟਕਾ ਸਜਾ ਕੇ, ਫੌਜਣ ਨੇ ਹਾ ਵਿੱਚ ਜਵਾਬ ਦਿੱਤਾ। ਬੀਬੀ ਨੇ ਫਿਰ ਕਿਹਾ, ਦਿਨ-ਦਿਹਾਰ ਤੇ ਗੁਰਦੁਆਰੇ ਵੀ ਇਹ ਇਸੇ ਤਰ੍ਹਾਂ ਸੱਜਿਆ ਹੁੰਦਾ ਏ ਸੰਗਤ ਵਿੱਚ। ਫੌਜਣ ਦੇ ਕੁਝ ਸਮਝੀ ਨਹੀਂ ਸੀ ਪੈ ਰਿਹਾ ਕਿ ਉਸ ਦੀ ਸਹੇਲੀ ਕੀ ਪਹੇਲੀਆਂ ਪਾਈ ਜਾ ਰਹੀ ਹੈ ਉਸ ਦੇ ਨਾਲ। ਆਖਰ ਬੋਲ ਹੀ ਉਠੀ। ਨੀ ਤੂੰ ਕਿਆ ਕਹਿਣਾ ਚਾਹਤੀ ਹੈ, ਗਿਆਨਣੇ। ਸੀਧਾ ਕਹੋ, ਬੁਝਾਰਤਾ ਕਿਉਂ ਪਾਨੀ ਏ?

ਫ਼ੌਜਣੇ, ਇਸ ਤਰ੍ਹਾਂ ਕਰ, ਬੀਬੀ ਨੇ ਫਿਰ ਕਿਹਾ, ਤੂੰ ਵੀ ਚੁੰਨੀ ਲਾਹ ਸੁੱਟ ਕਾਹਨੂੰ ਭਾਰ ਚੁੱਕਿਆ ਈ, ਆਪਣੀ ਧੀ ਦੀ ਤਰ੍ਹਾਂ, ਬਸ ਆਹ ਪੱਟਕਾ ਜਿਹਾ ਬੰਨ੍ਹ ਕੇ ਤੁਰੀ ਫਿਰ ਸਿਰ 'ਤੇ। ਇਕ ਦਿਨ ਜੀਅ ਆਏ ਬਾਜ਼ਾਰਾ ਵਿੱਚ ਤੁਰੀਆ ਫਿਰੋ ਸਿਰ ਮੁੰਨੀਆ ਦੀ ਤਰ੍ਹਾਂ ਦੋਵੇਂ......। ਵਿਚੋਂ ਹੀ ਫੌਜਣ, ਝੁੱਪਟ ਕੇ ਪਈ ਆਪਣੀ ਸਹੇਲੀ ਨੂੰ ਅਤੇ ਕਹਿਣ ਲੱਗੀ "ਬਸ ਭੈਣੇ ਬਸ, ਮੈਂ ਨਹੀਂ ਸੁਣ ਸਕਤੀ ਆਗੇ।" ਛਿੱਥੀ ਪੈ ਕੇ ਸਭ ਗੱਲ ਸਮਝਦੀ ਹੋਈ ਕਹਿਣ ਲੱਗੀ, "ਤੂੰ ਨੇ ਸਭ ਠੀਕ ਕਿਹਾ ਕੀ ਕਰੂੰ ਸਮਾ ਹੀ ਬਦਲ ਗਿਆ। ਇਸ ਕੀ ਜ਼ਰਬ ਸਾਨੂੰ ਵੀ ਲੱਗ ਗਈ ਹੋਈ ਹੈ। ਬੱਚੇ ਆਖੇ ਨਹੀਂ ਲਗਤੇ। ਤੂੰ ਹੀ ਬਤਲਾ ਕਿਆ ਕਰੂੰ ?"

ਬੀਬੀ ਦਾ ਵਾਰ ਕਾਟ ਕਰ ਚੁੱਕਾ ਸੀ। ਉਸ ਨੇ ਜ਼ਖਮ ਨੂੰ ਹੋਰ ਖਰੋਦਣ ਦੀ ਲੋੜ ਨਾ ਸਮਝਦਿਆ ਹੋਇਆ ਮਰ੍ਹਮ ਲਾਉਣੀ ਹੀ ਠੀਕ ਸਮਝੀ। ਕਹਿਣ ਲੱਗੀ, ਭੈਣ ਫ਼ੌਜਣੇ, ਇਹ ਤੇਰ ਕੱਲ੍ਹੀ ਦਾ ਹਾਲ ਨਹੀ, ਇਹ ਰੋਗ ਤਾ ਪੜ੍ਹਿਆ ਲਿਖਿਆ ਸਿੱਖ ਘਰਾਣਿਆਂ ਵਿੱਚ ਅਤੇ ਰੱਜਿਆਂ ਪੁੱਜਿਆਂ ਵਿੱਚ ਆਮ ਹੈ। ਮਨਮੁਖ ਪ੍ਰਵਾਰਾ ਵਿਚ ਤਾ ਹੋਣਾ ਹੀ ਸੀ ਪਰ ਕਈ ਅੰਮ੍ਰਿਤਧਾਰੀ ਪ੍ਰਵਾਰ ਵੀ ਇਸ ਦੇ ਸ਼ਿਕਾਰ ਹੋ ਰਹੇ ਹਨ। ਪੱਛਮੀ



www.AKJ.Org

ਸਭਿਅਤਾ ਹਾਵੀ ਹੋਈ ਹੋਈ ਹੈ। ਧਾਰਮਿਕ ਪ੍ਰਚਾਰ ਦਾ ਘਰਾਂ, ਸਕੂਲਾਂ-ਕਾਲਜਾਂ ਵਿੱਚ ਤਾਂ ਨਾਮੋ-ਨਿਸ਼ਾਨ ਹੀ ਨਹੀਂ ਰਿਹਾ। ਬਾਕੀ ਗਿਣਤੀ ਦੇ ਧਾਰਮਿਕ ਅਸਥਾਨਾਂ 'ਤੇ ਹੈ ਥੋੜਾ-ਬਹੁਤ ਪਰ ਉਥੇ ਜਾਣ ਦਾ ਵਕਤ ਹੀ ਕਿੱਥੇ ਹੈ ਸਾਡੇ ਪਾਸ। ਕੁਝ ਨੌਜਵਾਨਾਂ ਦੀਆਂ ਸੰਸਥਾਵਾਂ ਜੁੜ ਰਹੀਆਂ ਹਨ, ਪੰਥ ਦਰਦ ਹਿਰਦੇ ਵਿੱਚ ਵਸਾਈ। ਮਨੋਰਥ ਇਹੋ ਹੈ ਕਿ ਅਸੀਂ ਸਾਰੇ ਆਪੋ-ਆਪਣੀ ਥਾਵੇਂ, ਆਪਣੇ ਵਿਰਸੇ ਨੂੰ ਪਹਿਚਾਣਦੇ ਹੋਏ ਆਪਣੇ ਆਪ ਨਾਲ ਜੁੜਨਾ ਸਿਖ ਜਾਈਏ। ਗੁਰੂ ਦੱਸੇ ਰਾਹੇ, ਗਾਡੀ ਰਾਹ 'ਤੇ ਚੱਲ ਕੇ ਸਿੱਖੀ ਕਮਾਈਏ। ਸ਼ਬਦ 'ਗੁਰੂ ਅਤੇ ਉਸ ਦੇ ਸਭ ਤੋਂ ਉਚੇ ਦਰਬਾਰ ਦਾ ਸਤਿਕਾਰ ਕਰਨਾ ਆ ਜਾਵੇ, ਸਾਨੂੰ। ਗੁਰੂ ਦੀ, ਪ੍ਰਾਣਾਂ ਨਾਲੋਂ ਵੀ ਪਿਆਰੀ, 'ਗੁਰਸਿਖੀ ਰਹਿਤ' ਉਪਰ, ਗੁਰੂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪੂਰਾ ਪਹਿਰਾ ਦੇਈਏ। ਭਾਈ ਦੇਸਾ ਸਿੰਘ ਜੀ ਨੇ ਰਹਿਤ ਨਾਮੇ ਵਿੱਚ ਇਹਨਾਂ ਹੁਕਮਾਂ ਦੀ ਪ੍ਰੋੜ੍ਹਤਾ ਇੰਞ ਕੀਤੀ ਹੈ :

ਰਹਿਣੀ ਰਹੈ ਸੋਈ ਸਿਖ ਮੇਰਾ। ਓਹ ਸਾਹਿਬ ਮੈਂ ਉਸ ਕਾ ਚੇਰਾ।
ਰਹਿਤ ਬਿਨਾਂ ਨਹਿ ਸਿਖ ਕਹਾਵੈ। ਰਹਿਤ ਬਿਨਾਂ ਦਰ ਚੋਟਾਂ ਖਾਵੈ।
ਰਹਿਤ ਬਿਨਾਂ ਸੁਖ ਕਬਹੂੰ ਨ ਲਹੈ। ਤਾਂ ਤੇ ਰਹਿਤ ਸੁ. ਦ੍ਰਿੜ ਕਰ ਗਹੈ।

ਦਸਤਾਰ ਬਾਰੇ ਰਹਿਤ ਨਾਮੇ ਵਿੱਚ ਇਸ ਤਰ੍ਹਾਂ ਵਰਣਨ ਆਇਆ ਹੈ :

ਕੰਘਾ ਦੋਨੋਂ ਵਕਤ ਕਰ, ਪਾਗ ਚੁਨੇ ਕਰ ਬਾਂਧਈ।
ਦਾਤਨ ਨੀਤ ਕਰੇਇ,ਨਾ ਦੁਖ ਪਾਵੈ ਲਾਲ ਜੀ। (ਭਾਈ ਨੰਦ ਲਾਲ ਸਿੰਘ ਜੀ)

ਇਹ ਨਾ-ਮੁਰਾਦ ਪੱਟਕਾ ਪਤਾ ਨਹੀਂ ਕਿਥੋਂ ਆ ਚਿੰਬੜਿਆ ਐ, ਸਾਨੂੰ। ਉਹ ਦਸਤਾਰ, ਦੂਹਰੀ ਦਸਤਾਰ (ਦੁਮਾਲੜਾ) ਜੋ ਸਾਡੇ ਗੁਰੂਆਂ ਨੇ ਤ੍ਰੁੱਠ ਕੇ ਸਾਡੇ ਸਿਰਾਂ ਉਪਰ ਸ਼ਿੰਗਰੀ, ਅਤੇ ਦੁਮਾਲੜੇ ਸਜਾਉਣ ਵਾਲੇ, ਰਹਿਤ ਵਿੱਚ ਪੂਰਿਆਂ ਨੂੰ ਕਿਹਾ :

ਖਾਲਸਾ ਮੇਰੋ ਰੂਪ ਹੈ ਖਾਸ।। ਖਾਲਸੇ ਮਹਿ ਹੌ ਕਰੋਂ ਨਿਵਾਸ।।...
ਖਾਲਸਾ ਮੇਰੋ ਮਿਤਰ ਸੰਖਾਈ।। ਖਾਲਸਾ ਮਾਤ ਪਿਤਾ ਸੁਖਦਾਈ।।...
ਖਾਲਸਾ ਅਕਾਲ ਪੁਰਖ ਕੀ ਫੌਜ।। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।।
ਜਬ ਲਗ ਖਾਲਸਾ ਰਹੈ ਨਿਆਰਾ।। ਤਬ ਲਗ ਤੇਜ ਦੀਉ ਮੈਂ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤ।। ਮੈ ਨ ਕਰੋ ਇਨ ਕੀ ਪ੍ਰਤੀਤ।।

ਫ਼ੌਜਣ ਚੁੱਪ ਕੀਤੀ ਨੀਵੀਂ ਪਾਈ ਸੁਣੀ ਜਾ ਰਹੀ ਸੀ।

ਉਹ ਦਸਤਾਰ ਜੋ ਸਰਕਾਰੇ ਦਰਬਾਰੇ ਅਤੇ ਸਭ ਵੱਡੇ ਗੁਰੂ ਦਰਬਾਰੇ ਸਤਿਕਾਰੀ ਗਈ, ਜਿਸ ਨੂੰ ਖਾਲਸਾ ਸਾਜਣ ਵਾਲੇ ਧੰਨ ਸ੍ਰੀ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸਰੂਪ ਦਾ ਇਕ ਅਨਿਖੜਵਾਂ ਅੰਗ ਦੱਸਿਆ, ਉਹ ਅਸੀਂ ਅਕ੍ਰਿਤਘਣਾਂ, ਦੋਖੀਆਂ ਨੇ ਸਿਰੋਂ ਲਾਹ ਕੇ, ਪੱਟਕਾ ਸਜਾ ਕੇ, ਅਤੇ ਟੋਪੀ ਦੀ ਤਰ੍ਹਾਂ ਮਾਇਆ ਲੱਗੀਆਂ ਦਸਤਾਰਾਂ ਵਰਤ ਕੇ ਆਪਣੇ ਇਸ਼ਟ (ਗੁਰੂ) ਨਾਲ, ਗੁਰੂ ਦੇ ਇਸ਼ਟ, 'ਖਾਲਸਾ ਮੇਰੋ ਸਤਿਗੁਰ ਪੂਰਾ' ਨਾਲ, ਮਿੱਤਰ ਧ੍ਰੋਹ ਕਮਾਉਣ ਸ਼ੁਰੂ ਕੀਤਾ ਹੋਇਆ ਹੈ। ਸਾਨੂੰ ਢੋਈ ਕਿਤੇ ਨਹੀਂ ਮਿਲਣੀ, ਵਿਸ਼ਵਾਸ-ਘਾਤੀਆਂ ਨੂੰ। ਉੱਧਰ ਸਿੱਖ ਪ੍ਰਵਾਰਾਂ ਦੀਆਂ ਬੀਬੀਆਂ ਨੇ ਪਹਿਲਾਂ ਦਸਤਾਰਾਂ ਉਤਾਰੀਆਂ, ਫਿਰ ਚੁੰਨੀਆਂ ਅਤੇ ਅਗਾਹ ਪਤਾ ਨਹੀਂ ਕੀ ਕੀ ...। ਇੱਧਰ ਸਿੱਖ ਨੌਜਵਾਨਾਂ ਅਤੇ ਮਰਦਾਂ ਨੇ ਦਸਤਾਰ ਨੂੰ ਘਾਤ ਲਾਈ ਹੋਈ ਹੈ। ਲਾਜ ਕਿਉਂ ਨਹੀਂ ਆਉਂਦੀ, ਸਾਨੂੰ, ਆਪਣੇ ਆਪ ਨੂੰ ਗੁਰੂ ਦੇ ਸਿੱਖ ਅਖਵਾਉਣ ਵਾਲਿਆਂ ਨੂੰ।

ਫ਼ੌਜਣੇ, ਤੂੰ ਮੈਂ ਅਤੇ ਹੋਰ ਆਪਣੀਆਂ ਭੈਣਾਂ, ਇਸ ਪੱਟਕਾ ਰੋਗ ਤੋਂ ਬੱਚਿਆਂ ਨੂੰ ਬਚਾ ਕੇ, ਗੁਰੂ ਦੀ ਲਾਈ ਸਿੱਖ ਫੁਲਵਾੜੀ ਨੂੰ ਹਰਿਆ-ਭਰਿਆ ਰੱਖ ਸਕਦੀਆਂ ਹਾਂ। ਛੋਟੀ ਉਮਰ ਤੋਂ ਹੀ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਆਦਤ ਪਾਈਏ, ਜਿਵੇਂ ਤੇਰੇ ਫ਼ੌਜੀ ਦੇ ਹੈਗੀ ਹੈ, ਬਾਲ ਹੁੰਦਿਆਂ ਉਸ ਫੋਟੋ ਵਿੱਚ ਜੋ ਦਿਖਾਈ ਸੀ, ਮੈਨੂੰ। ਇਸੇ ਤਰ੍ਹਾਂ ਬੀਬੀਆਂ ਦੇ ਸਿਰੀਂ ਛੋਟੇ ਹੁੰਦਿਆਂ ਤੋਂ ਹੀ ਦਸਤਾਰ ਅਤੇ ਚੁੰਨੀ ਰੱਖੀਏ। ਪਹਿਲਾਂ ਆਪ ਪ੍ਰਪੱਕ ਹੋਵਾਂਗੀਆਂ ਰਹਿਤ ਵਿੱਚ ਤਾਂ ਹੀ ਸਾਨੂੰ ਦੇਖ ਕੇ ਸਾਡੇ ਬੱਚੇ ਵੀ ਪੱਕ ਜਾਣਗੇ। ਸਾਡੀਆਂ ਢਿੱਲਾਂ ਉਹਨਾਂ ਨੂੰ ਡੋਗਣ ਦਾ ਕਾਰਣ ਬਣਦੀਆਂ ਹਨ। ਜਿਸ, ਆਪ ਕੋਈ ਗੁਰਮਤਿ ਨਾ ਲਈ ਹੋਵੇ, ਉਹ ਅਗਾਹ

( ਬਾਕੀ ਪੰਨਾ ੩੨ ਤੇ ..)



www.AKJ.Org

# ਗੁਰਮਤਿ ਅਤੇ ਮਨਮਤਿ

(ਗਿ: ਊਧਮ ਸਿੰਘ ਜੀ)

*ਗੁਰੂ ਦੇ ਹੁਕਮ ਵਿਚ ਚੱਲਣ ਦਾ ਨਾਂ ਗੁਰਮਤਿ ਹੈ, ਤੇ ਹੁਕਮ ਦੇ ਵਿਰੁੱਧ ਮਨ ਮਰਜ਼ੀ ਕਰਨ ਦਾ ਨਾਂ, ਮਨਮਤਿ।
*ਗੁਰਮਤਿ ਮਾਰਗ ਆਤਮਕ ਸਫ਼ਰ ਲਈ ਇਸ ਤਰ੍ਹਾਂ ਜ਼ਰੂਰੀ ਹੈ, ਜਿਵੇਂ ਰੇਲ ਦੇ ਚੱਲਣ ਲਈ ਰੇਲ ਦੀ ਪੱਟੜੀ।
*ਵਿਕਾਰਾਂ ਉੱਤੇ ਕਾਬੂ ਪਾਉਣ ਲਈ ਗੁਰਮਤਿ ਦਾ ਗਿਆਨ ਇਉਂ ਹੈ ਜਿਵੇਂ ਚੋਰਾਂ ਨੂੰ ਫੜਨ ਲਈ ਹੱਥ ਵਿਚ ਬੱਤੀ ਹੋਵੇ
*ਗੁਰਮਤਿ ਮਾਰਗੀ ਗੁਰਸਿੱਖ ਦੀਆ ਚਾਰ ਨਿਸ਼ਾਨੀਆ ਹੁੰਦਿਆ ਹਨ, ਕੇਸ, ਕਕਾਰ, ਸਦਾਚਾਰ, ਅਤੇ ਸੁੱਚਾ ਵਿਹਾਰ।
*ਜਿਵੇਂ ਮਨੁੱਖ ਲਈ ਅਨਾਜ, ਦੇਹ ਦਾ ਤੋਸਾ ਹੈ, ਇਸੇ ਤਰ੍ਹਾ ਗੁਰਸਿੱਖ ਦੀ ਆਤਮਾ ਲਈ ਲੋਕ ਪ੍ਰਲੋਕ, ਦਾ ਗੁਰਮਤਿ।
*ਗੁਰਸਿੱਖ ਨੂੰ ਜੀਵਨ ਦੇ ਆਦ ਤੋਂ ਲੈ ਕੇ ਅੰਤ ਤਕ ਹਰ ਕਾਰਜ ਗੁਰਮਤਿ ਦੇ ਅਨੁਸਾਰ ਹੀ ਕਰਨਾ ਚਾਹੀਦਾ ਹੈ।
*ਹਰ ਗੁਰਸਿੱਖ ਲਈ ਸਿਮਰਨ ਵਿੱਚ ਸਫ਼ਲਤਾ ਪ੍ਰਾਪਤ ਕਰਨ ਵਾਸਤੇ ਗੁਰਮਤਿ ਦਾ ਸਹਾਰਾ ਲੈਣਾ ਜ਼ਰੂਰੀ ਹੈ।
*ਪ੍ਰਭੂ ਪ੍ਰਾਪਤੀ ਦੇ ਚਾਹਵਾਨ ਲਈ ਗੁਰਮਤਿ ਇਕ ਅਜਿਹਾ ਚਾਨਣ ਹੈ, ਜੋ ਉਸ ਨੂੰ ਕਦੇ ਓਝੜੇ ਨਹੀਂ ਪੈਣ ਦੇਂਦਾ।
*ਜੋ ਗੁਰਸਿੱਖ ਗੁਰਮਤਿ ਦਾ ਪਿਆਰਾ ਹੈ, ਉਹ ਗੁਰੂ ਦਾ ਪਿਆਰਾ ਹੈ, ਤੇ ਜੋ ਗੁਰੂ ਨੂੰ ਪਿਆਰਾ ਹੈ ਉਹ ਪ੍ਰਮਾਤਮਾ ਨੂੰ।
*ਗੁਰਮਤਿ ਦੇ ਆਦ ਬਾਨੀ ਗੁਰੂ ਨਾਨਕ ਜੀ ਹਨ, ਤੇ ਗੁਰਮਤਿ ਦੀ ਅੰਤਿਮ ਸੀਮਾ, ਜੋ ਗੁਰੂ ਗੋਬਿੰਦ ਸਿੰਘ ਨੇ ਉਲੀਕੀ।
*ਗੁਰਮਤਿ ਦਾ ਪ੍ਰਚਾਰ ਕਰਨਾ ਉਤਮ ਕਰਮ ਹੈ, ਅਤੇ ਗੁਰਮਤਿ ਦੀ ਆੜ ਦੇ ਵਿਚ ਵਿੱਹਾਰ ਕਰਨਾ ਮਹਾ ਪਾਪ।
*ਮਨਮਤਿ ਅਜਿਹੀ ਬੁਰਾਈ ਹੈ, ਜੋ ਜੀਵ ਨੂੰ ਕੁਰਾਹੇ ਪਾ ਕੇ ਗੁਰੂ ਪਰਮੇਸ਼ਵਰ ਤੋਂ ਹਮੇਸ਼ਾ ਲਈ ਵਿਛੋੜ ਦੇਂਦੀ ਹੈ।
*ਜਿਵੇਂ ਪਾਲਤੂ ਸ਼ੇਰ ਆਪਣੀ ਸ਼ਕਤੀ ਨੂੰ ਭੁੱਲ ਜਾਂਦਾ ਹੈ, ਇਸੇ ਤਰ੍ਹਾਂ ਮਨ ਮਤਿ ਵਿਚ ਗੱਸਿਆ ਸਿੱਖ, ਆਤਮ ਸਤਾ ਨੂੰ
*ਮਨਮਤਿ ਤੋਂ ਪ੍ਰਭਾਵਤ ਸਿੱਖ ਗੁਰਮਤਿ ਦੀ ਸਾਰ ਇਸ ਤਰ੍ਹਾਂ ਨਹੀਂ ਜਾਣਦਾ, ਜਿਸ ਤਰ੍ਹਾਂ ਉਲੂ ਦਿਨ ਦੇ ਚਾਨਣ ਦੀ।
*ਮਨਮਤਿ ਅਜਿਹਾ ਅੰਧੇਰਾ ਹੈ, ਜੋ ਗੁਰਮਤਿ ਦੇ ਚਾਨਣ ਨਾਲ ਹੀ ਦੂਰ ਹੋਂਦਾ ਹੈ, ਕਿਸੇ ਹੋਰ ਰੋਸ਼ਨੀ ਦੇ ਨਾਲ ਨਹੀਂ।
*ਜਿਵੇਂ ਰਾਹ ਭੁਲਿਆ ਬੱਚਾ ਅਨਜਾਣ ਪੁਣੇ ਕਾਰਨ ਮਾਪਿਆਂ ਨੂੰ ਨਹੀਂ ਪਾ ਸਕਦਾ, ਇਵੇਂ ਮਨਮਤੀ ਪੁਰਸ਼ ਗੁਰੂ ਨੂੰ।
*ਕਿਸੇ ਗੁਰਸਿੱਖ ਦਾ ਮਨਮਤਿ ਕਰਨਾ ਅਤੇ ਮੈਲੀ ਦ੍ਰਿਸ਼ਟੀ ਕਰਨੀ, ਇਉਂ ਹੈ, ਜਿਵੇਂ ਹੰਸ ਵਿਸ਼ਟਾ ਖਾਣ ਲਗ ਪਵੇ
*ਚਾਰ ਕਿਸਮ ਦੇ ਬੰਦੇ ਕਦੇ ਰੱਬ ਦੇ ਨੇੜੇ ਨਹੀਂ ਜਾ ਸਕਦੇ, ਮਨਮਤੀਆ, ਨਾਸਤਕ, ਈਰਖਾਲੂ ਅਤੇ ਬਿੱਭਚਾਰੀ।
*ਸਿੱਖੀ ਵਿੱਚ ਮਨਮਤਿ ਫੈਲਣ ਦਾ ਕਾਰਣ ਇਹ ਹੈ, ਕਿ ਪ੍ਰਬੰਧਕ ਲੋਕਾਂ ਦਾ ਨਿਸ਼ਾਨਾ ਵੋਟਾਂ ਹਨ ਸਿੱਖੀ ਪ੍ਰਚਾਰ ਨਹੀਂ।
*ਦੂਜਾ ਕਾਰਨ ਇਹ ਹੈ ਕਿ ਆਮ ਪ੍ਰਬੰਧਕ ਮਨਮਤੀਏ ਹਨ ਉਨ੍ਹਾਂ ਨੂੰ ਗੁਰਮਤਿ ਦੀ ਨਿਰੋਲਤਾ ਦਾ ਗਿਆਨ ਨਹੀਂ।
*ਤੀਜਾ ਕਾਰਨ ਹੈ, ਕੇ ਉਹ ਮਿਸ਼ਨਰੀ ਦੀ ਖੁਸ਼ਾਮਦ ਨੂੰ ਮਹੱਤਤਾ ਦੇਂਦੇ ਹਨ ਉਸ ਦੇ ਗੁਰਮਤਿ ਗਿਆਨ ਨੂੰ ਨਹੀਂ।
*ਚੌਥਾ ਇਹ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧਕ, ਧਰਮ ਪ੍ਰਚਾਰ, ਧਰਮ ਹੀਨ ਰਾਜਸੀ ਲੋਕਾਂ ਤੋਂ ਕਰਾਨ ਲਗ ਪਏ।
*ਪੰਜਵਾਂ ਇਹ ਹੈ ਕਿ ਕੋਈ ਰਾਜਸੀ ਨੇਤਾ ਜੇ ਮਨਮਤੀ ਗੱਲ ਵੀ ਕਰੇ ਤਾਂ ਵੀ ਪ੍ਰਬੰਧਕ ਧੰਨਵਾਦ ਹੀ ਕਰਦੇ ਹਨ।
*ਕਈ ਪ੍ਰਬੰਧਕ ਧਰਮੀ ਵੀ ਹਨ, ਪਰ ਮਨਮਤੀਆਂ ਧਰਮ ਹੀਣਾਂ ਤੇ ਨੋਟਾਂ ਵੋਟਾ ਦੇ ਭੁਖਿਆਂ ਅੱਗੇ ਬੇਬਸ ਹਨ।
*ਗੁਰਮਤਿ ਦੇ ਮੋਢੀ ਸਿੱਖ ਧਰਮ ਵਿੱਚ ਮਨਮਤਿ ਦਾ ਸਿਰ ਚੁੱਕਣਾ ਇਸ ਧਰਮ ਦੇ ਮੂਲ ਸਿਧਾਂਤਾਂ ਦੇ ਉਲਟ ਹੈ।
*ਜੋ ਮਨੁੱਖ ਮਨਮਤਿ ਦਾ ਸਾਥ ਦੇਂਦਾ ਹੈ, ਉਸ ਨੂੰ ਦਰਗਾਹ ਵਿੱਚ ਧਰਮੀ ਆਤਮਾਵਾਂ ਦਾ ਸਾਥ ਨਸੀਬ ਨਹੀਂ ਹੋਂਦਾ।
*ਮਨਮਤੀ ਪੁਰਸ਼ ਪਾਪਾਂ ਤੋਂ ਨਹੀਂ ਬੱਚ ਸਕਦਾ, ਕਿਉਂਕਿ ਉਸ ਦੇ ਮਨ ਨੂੰ ਪਾਪਾਂ ਦੇ ਨਤੀਜੇ ਦਾ ਗਿਆਨ ਨਹੀਂ ਹੋਂਦਾ
*ਸਤਿਗੁਰੂ ਦੇ ਹਜ਼ੂਰ ਉਸੇ ਗੁਰਸਿੱਖ ਦੀ ਕਰਨੀ ਪ੍ਰਵਾਨ ਹੋਂਦੀ ਹੈ, ਜੋ ਜੀਵਨ ਭਰ ਮਨਮਤਿ ਤੋਂ ਬਚਿਆ ਰਹੇ
*ਵਾਹਿਗੁਰੂ ਕਰੇ ਗੁਰਸਿੱਖ ਮਾਈ ਭਾਈ ਮਨ ਦੀ ਮਤਿ ਦਾ ਤਿਆਗ ਕਰਨ, ਅਤੇ ਗੁਰੂ ਦੀ ਮਤਿ ਨੂੰ ਧਾਰਨ ਕਰਨ।



www.AKJ.Org

# ਸਿਰੋਪਾ

(ਬੀਬੀ ਸੁਸ਼ੀਲ ਕੌਰ ਲੁਧਿਆਣਾ)

ਗੁਰਸਿਖਾਂ ਵਾਸਤੇ ਸਿਰੋਪਾਓ ਇਕ ਅਨਮੋਲ ਵਸਤੂ ਹੈ। ਸੱਚੀ ਸੁੱਚੀ ਅਤੇ ਉਚੀ ਸੇਵਾ ਕਰਨ ਵਾਲਿਆਂ ਲਈ ਸਿਰੋਪਾਓ ਦੀ ਬਖਸ਼ਿਸ਼ ਇਕ ਇਲਾਹੀ ਫਲ ਦੇ ਬਰਾਬਰ ਹੁੰਦੀ ਹੈ। ਜਿਹੜੇ ਸਿਖ ਆਪਣੀ ਮੱਤ ਤੋਂ ਪਿੱਛਾ ਛੁੜਾ ਕੇ ਗੁਰੂ ਦੀ ਮੱਤ ਧਾਰਣ ਕਰ ਲੈਂਦੇ ਹਨ। ਬਾਹਰਲੀ ਦੁਨੀਆਂ ਦਾ ਖਿਆਲ ਛਡ ਕੇ ਅੰਤਰ-ਮੁਖੀ ਹੋ ਕੇ ਗੁਰੂ ਦੇ ਮੁੱਖੜੇ ਉਤੇ ਟਿਕ ਟਿਕੀ ਲਗਾ ਲੈਂਦੇ ਹਨ, ਗੁਰੂ ਜੀ ਦੇ ਪਿਆਰ ਵਿਚ ਆਪਣਾ ਮਨ ਤਨ ਭਿਓ ਰਖਦੇ ਹਨ ਅਤੇ ਗੁਰੂ ਦੇ ਭਾਣੇ ਮੁਤਾਬਿਕ ਜੀਵਨ ਦੇ ਕਰਮਾਂ ਦੀ ਪੂੰਜੀ ਇੱਕਠੀ ਕਰਦੇ ਹਨ ਉਹੀ ਸਰੋਪੇ ਪ੍ਰਾਪਤ ਕਰਨ ਦੇ ਹਕਦਾਰ ਹੁੰਦੇ ਹਨ। ਗੁਰੂ ਘਰ ਲਈ ਜਿੰਦੜੀਆਂ ਘੋਲ ਘੁਮਾਉਣ ਵਾਲੇ ਮੌਤ ਪਿਛੋਂ ਗੁਰੂ ਦੇ ਦਰਬਾਰ ਵਿਚ ਜਾ ਕੇ ਤਾਂ ਸਰੋਪੇ ਲੈਂਦੇ ਹੀ ਹਨ... ਇਸ ਦੁਨੀਆਂ ਵਿਚ ਵੀ ਉਨ੍ਹਾਂ ਦੀਆਂ ਧੰਨ-ਕਮਾਈਆਂ ਦਾ ਖਿਆਲ ਕਰਕੇ ਉਨ੍ਹਾਂ ਨੂੰ ਸਰੋਪਿਆਂ ਦਾ ਅਧਿਕਾਰੀ ਬਣਾਉਣਾ ਚਾਹੀਦਾ ਹੈ। ਪੰਥ ਦੇ ਵਾਲੀ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਹੂ ਭਿੱਜੀ ਪੈੜ ਦੇ ਨਿਸ਼ਾਨਾ ਵਲ ਦੇਖੀਏ ਤਾਂ ਕਦਮ ਕਦਮ ਉਤੇ ਸਚਾਈ ਦੇ ਦੀਵੇ ਜਗਦੇ ਦਿਸਦੇ ਹਨ। ਜੇ ਅਸੀਂ ਆਪਣੇ ਇਤਿਹਾਸਿਕ ਗੁਰਦੁਆਰਿਆਂ ਵਲ ਗਹੁ ਨਾਲ ਦੇਖੀਏ ਤਾਂ ਹਰ ਗੁਰਦੁਆਰੇ ਦੀਆਂ ਖਿੜਕੀਆ ਅਤੇ ਦਰਵਾਜ਼ਿਆ ਵਿਚੋਂ ਸਾਨੂੰ ਸਚਾਈ ਦੀ ਇਲਾਹੀ ਰੌਸ਼ਨੀ ਦੇ ਅੰਬਾਰ ਫੁਟਦੇ ਨਜ਼ਰੀ ਆਉਂਦੇ ਹਨ। ਜਿਹੜੇ ਲੋਕ ਸੱਚ ਦੀ ਮਹਿਕ ਦੇ ਤ੍ਰਿਹਾਏ ਹੁੰਦੇ ਹਨ ਉਹ ਗੁਰਦਵਾਰਿਆਂ ਵਿਚ ਲੱਗੇ ਸੰਗਮਰਮਰ ਜਾਂ ਸੋਨੇ ਵਲ ਨਹੀਂ ਦੇਖਦੇ ਉਹ ਤਾਂ ਇਹਨਾਂ ਇਤਿਹਾਸਕ ਥਾਵਾਂ ਦੇ ਕਣ ਕਣ ਵਿਚੋਂ ਆਪਣੇ ਵਿਰਸੇ ਵਿਚਲੀਆਂ ਘਾਲਣਾ ਦੇ ਭੰਡਾਰਾ ਦੇ ਲਿਸ਼ਕਾਰਿਆਂ ਵਲ ਝਾਕਦੇ ਹਨ ਅਤੇ ਤੁਰ ਪੈਂਦੇ ਹਨ .... ਸਤਿਗੁਰਾਂ ਦੀ ਲਹੂ-ਭਿੱਜੀ ਪੈਰਾਂ ਦੀ ਪੈੜ ਉਤੇ। ਬੜੇ ਅਨੰਦ ਨਾਲ ਤੁਰਦੇ ਹਨ, ਰਸਤੇ ਵਿਚ ਪਏ ਕੰਕਰ ਕੰਡਿਆਂ ਅਤੇ ਦਗ੍ਹਦੇ ਅੰਗਿਆਰਾਂ ਉਤੋਂ ਦੀ ਸਤਿਗੁਰਾ ਦੀ ਬਾਂਹ ਫੜ ਕੇ ਲੰਘ ਜਾਂਦੇ ਹਨ .... ਇਸ ਤਾਂਘ ਵਿਚ ਕਿ ਸਤਿਗੁਰਾਂ ਨੇ ਉਨ੍ਹਾਂ ਦੀ ਘਾਲਣਾ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਸਿਰੋਪਾ ਦੇ ਕੇ ਵਡਿਆਉਣਾ ਹੈ। ਦਸ਼ਮੇਸ਼ ਪਿਤਾ ਦੇ ਦਰਬਾਰ ਵਿਚੋਂ ਸਰੋਪੇ ਦੀ ਬਖਸ਼ਿਸ਼ ਲੈਣ ਲਈ ਉਹ ਸ਼ੁਭ ਕਰਮਾਂ ਦੇ ਵਰਦਾਨ ਮੰਗਦੇ ਥੱਕਦੇ ਨਹੀਂ ਹਨ।

ਗੁਰੂ ਪ੍ਰੇਮ ਦੀ ਘੂਕੀ ਵਿਚ ਘਾਲਣਾ ਘਾਲ ਕੇ ਜਿਹੜੇ ਗੁਰਸਿੱਖ ਸਰੋਪੇ ਦੀ ਬਖਸ਼ਿਸ਼ ਪ੍ਰਾਪਤ ਕਰਦੇ ਹਨ ਉਨ੍ਹਾਂ ਲਈ ਸਿਰੋਪਾ ਸਿਰ ਦਾ ਤਾਜ ਹੁੰਦਾ ਹੈ। ਕੇਸਰੀ ਦਸਤਾਰਾਂ ਸਜਾ ਕੇ ਸਿੰਘਾਂ ਵਿਚ ਦਲੇਰੀਆ ਫੁੱਟ ਪੈਂਦੀਆ ਹਨ। ਚੇਹਰਿਆ ਉਤੇ ਲਾਲੀਆ ਦਗਣ ਲਗ ਪੈਂਦੀਆ ਹਨ। ਚੜ੍ਹਦੀ, ਕਲਾ ਦੇ ਰੰਗਾਂ ਦੇ ਬੁੱਲੇ ਉਡਣ ਲਗ ਪੈਂਦੇ ਹਨ। ਜਬਰ ਜੁਲਮ ਨਾਲ ਟਕਰਾਉਂਦਿਆ ਮੌਤ ਦੇ ਮੂੰਹ ਵਿਚ ਪੈ ਕੇ ਵੀ ਸਿੰਘ ਆਪਣੀ ਕੇਸਰੀ ਦਸਤਾਰ ਦੀ ਲਾਜ ਬਚਾਉਣ ਲਈ, ਰਣ ਜੁਝ ਮਰਨ ਦੇ ਚਾਓ ਉਮਾਹ ਵਿਚ ਲਟਬੌਰਾ ਹੋਇਆ ਫਿਰਦਾ ਹੈ। ਕੇਸਰੀ ਰੰਗ ਦੀ ਦਿੱਖ ਹੀ ਐਸੀ ਹੈ ਕਿ ਸੰਤ-ਸਿਪਾਹੀ, ਦਸ਼ਮੇਸ਼ ਪਿਤਾ ਦੇ ਰਾਜ-ਦੁਲਾਰਿਆਂ ਨੂੰ ਉਚੀਆ ਸੁੱਚੀਆ ਕਮਾਈਆ ਵਾਲੇ ਵਿਰਸੇ ਦੀ ਯਾਦ ਦਿਵਾਉਂਦੀ ਹੈ।

ਜਿਨ੍ਹਾਂ ਗੁਰਸਿੱਖ ਪਿਆਰਿਆਂ ਦੀ ਸੁਰਤ ਚੁਭੀ ਰਹਿੰਦੀ ਹੈ .. ਚੋਜੀ ਪ੍ਰੀਤਮ ਦੇ ਚਰਨਾਂ ਵਿਚ ਖੁਭੀ ਰਹਿੰਦੀ ਹੈ ... ਗੁਰ-ਉਪਦੇਸ਼ਾ ਦੀ ਘਾਲਣ ਵਿਚ। ਫਸੀ ਰਹਿੰਦੀ ਹੈ ... ਗੁਰਮਤ ਸਿਧਾਂਤਾਂ ਦੀਆਂ ਸਮਝਾਂ ਵਿਚ। ਗੁਰੂ-ਪ੍ਰੇਮ ਦੀਆਂ ਗੰਢਾਂ ਨੂੰ ਪੀਡਿਆ ਕਰ ਕਰ ਬੰਨਣ ਵਾਲੇ ਗੁਰਸਿੱਖੜੇ ਸਰੋਪਾ ਲੈਣ ਵੇਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜੇ ਖਾਲਸੇ ਵਿਚੋਂ "ਖਾਲਸਾ ਮੇਰੋ ਰੂਪ ਹੈ ਖਾਸ" ਕਹਿਣ ਵਾਲੇ ਦਸ਼ਮੇਸ਼ ਪਿਤਾ ਦਾ ਤੇਜ ਪ੍ਰਤਾਪ ਦੇਖ ਕੇ ਸਿਰੋਪੇ ਦੀ ਬਖਸ਼ਿਸ਼ ਪ੍ਰਾਪਤ ਕਰਦੇ ਹਨ। ਅਤੇ ਇਸ ਸਿਰ ਦੇ ਤਾਜ ਨੂੰ ਸਾਂਭ ਸਾਂਭ ਰਖਦੇ ਹਨ।

ਨਾਮ-ਬਾਣੀ ਦੇ ਰੰਗਾਂ ਨਾਲ ਸਜੇ ਹੋਏ, ਰਸ-ਭਿੰਨੜੇ ਕੀਰਤਨ ਦੀਆਂ ਫੁਹਾਰਾਂ ਨਾਲ ਸਿੰਜੇ ਹੋਏ, ਅਤੇ ਇਤਿਹਾਸ ਦੀਆਂ ਘੋਰ-ਕਾਲੀਆਂ ਹਨੇਰੀਆਂ ਵਿਚ ਸਿੰਘਾਂ ਦੀਆਂ ਸ਼ਹੀਦੀਆਂ ਦੀਆਂ ਆਤਿਸਬਾਜ਼ੀਆਂ ਵਿਚੋਂ ਕਿਰਦੇ ਸੱਚ ਦੇ ਨੂਰਾਨੀ ਫੁਲਾਂ ਨਾਲ ਲਿਸ਼ਕਾਰੇ ਮਾਰਦੇ ਸ੍ਰੀ ਹਰਮੰਦਰ ਸਾਹਿਬ ਜੀ ਵਿਖੇ ਸਿਰੋਪੇ ਦੀ ਬਖਸ਼ਿਸ਼ ਪ੍ਰਾਪਤ ਕਰਨਾ ਖਾਸ ਗਲ ਸਮਝੀ ਜਾਂਦੀ ਹੈ। ਨਾਮ-ਕਣੀਆ ਨਾਲ ਸਿੰਜ ਹੋਣ ਲਈ ਵਿਰਸੇ ਦੇ ਝਲਕਾਰੇ ਪ੍ਰਾਪਤ ਕਰਨ ਲਈ ਸ਼ਰਧਾਲੂ ਦੇਸਾਂ ਬਿਦੇਸ਼ਾਂ ਤੋਂ ਬੜੀ ਸ਼ਰਧਾ ਨਾਲ ਪਹੁੰਚਦੇ ਹਨ।



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਸੂਰਾ ਫਰਵਰੀ 2001 ਦੇਖੋ)

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ॥
ਜਬ ਲਗੁ ਗੁਰ ਕਾ ਸਬਦੁ ਨ ਕਮਾਹੀ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ॥੧੨॥
ਕਾਮ ਕਰੋਧੁ ਸਬਲ ਸੰਸਾਰਾ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ॥
ਸਤਿਗੁਰੁ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦ ਮਿਲਾਇਦਾ॥੧੩॥

(੧੬॥੨॥੧੬॥) ਮਾਰੂ ਮ:੩ ਪੰਨਾ ੧੦੬੦

ਵਿਆਖਿਆ:-ਗੁਰ ਸਬਦ ਕਮਾਈ ਤੋਂ ਬਿਨਾਂ ਹੋਰ ਕੋਈ ਨਾ ਜਪੁ ਹੈ ਨਾ ਤਪੁ ਹੈ,ਨਾ ਸੰਜਮ ਹੈ। ਗੁਰ ਸਬਦ ਹੀ ਜਪੁ ਹੈ, ਗੁਰ ਸਬਦ ਹੀ ਤਪੁ ਹੈ।ਗੁਰੂ ਸਬਦ ਹੀ ਸੰਜਮ ਹੈ। ਜਦੋਂ ਤਾਈਂ ਗੁਰ ਕਾ ਸਬਦ ਨਾ ਕਮਾਇਆ ਜਾਵੇ ਤਦੋਂ ਤਾਈਂ ਸੱਚੇ ਤਪੁ ਅਤੇ ਸੰਜਮ ਦੀ ਸੋਝੀ ਹੀ ਨਹੀ ਪੈਂਦੀ। ਨਾਹੀ ਤਦੋਂ ਤਾਈਂ ਇਹ ਗੱਲ ਵਿਦਤ ਹੁੰਦੀ ਹੈ। ਕਿ ਜਪੁ ਤਪੁ ਸੰਜਮ ਆਦਿਕ ਕੋਈ ਨਾਹੀ ॥ਇਹ ਆਨਮਤ ਕਰਮੀ ਜਪਾ ਤਪਾ ਸੰਜਮਾ ਦੁਆਰਾ ਤੱਤ ਸਤਿ ਵਾਹਿਗੁਰੂ ਵਾਹਿਗੁਰੂ ਰੂਪੀ ਤੱਤ ਸਚੁ ਪਾਇਆ ਹੀ ਨਹੀਂ ਜਾ ਸਕਦਾ ਗੁਰ ਕੇ ਸਬਦ ਦੀ ਕਮਾਈ ਕੀਤਿਆ ਹੀ ਵਾਹਿਗੁਰੂ ਰੂਪੀ ਸਚੁ ਨੂੰ ਪਾਇਆ ਜਾ ਸਕਦਾ ਹੈ। ਸਚੁ ਪਦਾਰਥ ਹੈ ਹੀ ਵਾਹਿਗੁਰੂ। ਗੁਰਮਤਿ ਅੰਦਰਿ ਸਚੁ ਵਾਹਿਗੁਰੂ ਯਾ ਵਾਹਿਗੁਰੂ ਦਾ ਨਾਮ ਹੀ ਹੈ। ਏਥੇ ਸਚੁ ਵਾਹਿਗੁਰੂ ਦੇ ਅਰਥਾਂ ਵਿਚ ਹੀ ਹੈ। ਤਾਤੇ ਵਾਹਿਗੁਰੂ ਦੀ ਪ੍ਰਾਪਤੀ ਕੇਵਲ ਗੁਰਸਬਦ ਕਮਾਇਆਂ ਹੀ ਹੋ ਸਕਦੀ ਹੈ। ਅਤੇ ਇਹ ਸਬਦ ਗੁਰਮੰਤਰ ਸਤਿਗੁਰੂ ਦੁਆਰਿਓਂ ਮਿਲਦਾ ਹੈ,ਗੁਰੂ ਨਾਨਕ ਦੇ ਘਰੋਂ। ਹੋਰ ਕਿਤੋਂ ਨਹੀ ਮਿਲਦਾ। ਨਿਰੰਕਾਰੀ ਨਾਮ ਸੱਚੇ ਦੀ ਪਾਰਸ ਕਲਾਵੀ ਕਲਾ ਦੁਆਰਾ ਹੀ ਵਾਹਿਗੁਰੂ ਰੂਪ ਸੱਚ ਵਿਚ ਸਮਾਈ ਹੁੰਦੀ ਹੈ। ਸੱਚੇ ਨਾਮ ਦੁਆਰਾ ਸੱਚੇ ਨਾਮੀ ਵਾਹਿਗੁਰੂ ਦੇ ਸਰੂਪ ਵਿਚ ਸਮਾਈਦਾ ਹੈ। ਤੱਤ ਪਰਮਾਰਥੀ ਸਚੁ ਨਿਰੰਕਾਰੀ ਨਾਮ ਹੈ ਯਾ ਨਿਰੰਕਾਰ ਵਾਹਿਗੁਰੂ ਹੀ ਹੈ। ਨਿਰੰਕਾਰ ਨੂੰ ਮਿਲਣ ਦਾ ਵਸੀਲਾ ਨਿਰੰਕਾਰੀ ਨਾਮ ਹੀ ਹੈ। ਧੁਰ ਦੇ ਸਚੁ ਨਿਰੰਕਾਰ ਨੂੰ ਧੁਰੋਂ ਆਏ ਨਿਰੰਕਾਰੀ ਨਾਮ ਦੁਆਰਾ ਪਾਇਆ ਜਾਣਾ ਹੀ ਮੁਮਕਿਨ ਹੈ। ਅਤੇ ਇਹ ਨਿਰੰਕਾਰੀ ਨਾਮ ਧੁਰੋਂ ਆਏ ਨਿਰੰਕਾਰੀ ਗੁਰੂ ਸਤਿਗੁਰੂ ਨਾਨਕ ਦੁਆਰਾ ਹੀ ਧੁਰ ਤੋਂ ਆਇਆ ਹੈ।ਧੁਰ ਤੋਂ ਆਏ ਸਚ ਦੀ ਪਾਰਸ ਪ੍ਰਭਤਾ ਹੀ ਧੁਰ ਧੁਰੰਦਰਾ ਦੇ ਧਣੀ ਪ੍ਰਭੂ ਨੂੰ ਪਛਾਣਨ ਤੇ ਪਾਵਣ ਨੂੰ ਸਮੱਰਥ ਹੈ। ਇਸ ਪਾਰਸ ਰੂਪ ਸਚੁ ਤੋਂ ਘੁੱਥੇ ਕਰਮਾ ਧਰਮਾ ਦੀ ਇਸ ਸੱਚ ਪਰਮਾਰਥ ਪਰਥਾਏ ਪਹੁੰਚ ਹੀ ਨਹੀ। ਅਲਪੱਗ ਸੰਸਾਰੀਆ ਦੀ ਚਿਤ ਬਿਰਤੀ ਉਤੇ ਕਾਮ ਕਰੋਧ ਆਦਿਕ ਪੰਜ ਬਿਕਾਰ ਹੀ ਬਲਵਾਨ ਹੋ ਕੇ ਸਵਾਰ ਹੋਏ ਵੇ ਹਨ। ਇਹਨਾ ਪੰਜ ਦੂਤਾ ਦੇ ਅਧੀਨ ਹੋਏ ਵੇ ਹੀ ਅਲਪੱਗ ਸੰਸਾਰੀ ਲੋਕ ਲੋਕਾਚਾਰੀ ਬੇਦਾਚਾਰੀ ਆਨਮਤਾਰੀ ਕਰਮ ਬਹੁਤੇ ਕਮਾਉਂਦੇ ਹਨ। ਤਾਂਤੇ ਇਹਨਾਂ ਕਰਮਾ ਦਾ ਵਿਸਥਾਰ ਦੁਖ ਕਲੇਸ਼ ਦਾ ਹੀ ਪਸਾਰਾ ਹੈ। ਸੁਖ ਹੈ ਹੀ ਨਹੀਂ ਏਹਨਾਂ ਕਰਮਾ ਦੇ ਕਰਨ ਵਿਚ। ਸੱਚੇ ਸੁਖ ਦੀ ਪ੍ਰਾਪਤੀ ਸੱਚੇ ਸਬਦ ਗੁਰਮਤਿ ਨਾਮ ਦੀ ਕਮਾਈ ਕੀਤਿਆ ਹੀ ਹੁੰਦੀ ਹੈ। ਸੱਚੇ ਸਬਦ ਦੀ ਕਮਾਈ ਕੀਤਿਆਂ ਹੀ ਸੱਚਾ ਸੁਖ ਮਿਲਦਾ ਹੈ। ਇਸ ਸੱਚੀ ਕਮਾਈ ਰੂਪੀ ਸੱਚਾ ਕਰਮੁ ਕੀਤਿਆ ਹੀ ਸੱਚਾ ਵਾਹਿਗੁਰੂ ਮਿਲਦਾ ਹੈ।

ਬਿਨੁ ਨਾਵੈ ਸਭੁ ਦੂਖੁ ਸੰਸਾਰਾ॥ ਬਹੁ ਕਰਮ ਕਮਾਵਹਿ ਵਧਹਿ ਵਿਕਾਰਾ॥
ਨਾਮੁ ਨ ਸੇਵਹਿ ਕਿਉ ਸੁਖੁ ਪਾਈਐ॥ ਬਿਨੁ ਨਾਵੈ ਦੁਖੁ ਪਾਇਦਾ॥੭॥....
ਜਪੁ ਤਪੁ ਸੰਜਮੁ ਨਾਮੁ ਪਿਆਰਾ॥ ਕਿਲਵਿਖ ਕਾਟੇ ਕਾਟਣਹਾਰਾ॥
ਹਰਿ ਕੇ ਨਾਮਿ ਤਨੁ ਮਨੁ ਸੀਤਲੁ ਹੋਆ ਸਹਜੇ ਸਹਜਿ ਸਮਾਇਦਾ॥੧੧॥
ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ॥ਮੈਲੇ ਕਰਮ ਕਰੇ ਦੁਖੁ ਪਾਏ॥



www.AKJ.Org

ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ॥੧੨॥
ਨਿਰਮਲ ਬਾਣੀ ਕੋ ਮੰਨਿ ਵਸਾਏ॥ ਗੁਰ ਪਰਸਾਦੀ ਸਹਸਾ ਜਾਏ॥
ਗੁਰ ਕੈ ਭਾਣੇ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ॥੧੩॥

(੧੬॥੪॥੧੮) (ਮਾਰੂ ਮ:੩ਪੰਨਾ ੧੦੬੨)

ਵਿਆਖਿਆ:- ਨਾਮ ਬਿਹੂਣ ਸਭ ਸੰਸਾਰ ਦੁਖੁ ਰੂਪ ਹੀ ਹੈ। ਸੰਸਾਰੀ ਲੋਗ ਜਿਤਨੇ ਭੀ ਸੰਸਾਰਕ ਕਰਮ ਕਮਾਉਦੇ ਹੈਨ ਤਿਨ੍ਹਾਂ ਕੰਮਾ ਚੋਂ ਦੁਖੁ ਹੀ ਦੁਖੁ ਨਿਕਲਦਾ ਹੈ। ਇਹ ਲੋਕਿਕ ਕਰਮਾਚਾਰੀ ਲੋਗ ਜਿਤਨੇ ਹੀ ਕਰਮ ਵਧੇਰੇ ਕਮਾਉਂਦੇ ਹਨ। ਤਿਨ੍ਹਾ ਤੋਂ ਵਧੇਰੇ ਵਿਕਾਰ ਹੀ ਵਿਕਾਰ ਵਧਦੇ ਹਨ। ਏਹਨਾ ਵਿਕਾਰੀ ਕਰਮਾਂ ਵਿਚ ਖੱਚਤ ਹੋ ਕੇ ਜੋ ਨਾਮ ਨਹੀਂ ਚੇਤਦੇ ਸੇਂਵਦੇ, ਨਾਮ ਦੀ ਸਿਮਰਨ ਰੂਪ ਸੇਵਾ ਕਮਾਈ ਨਹੀ ਕਰਦੇ ਉਹ ਸੱਚਾ ਸੁਖ ਕਿਵੇਂ ਪ੍ਰਾਪਤਿ ਕਰ ਸਕਦੇ ਹਨ। ਨਾਮ ਬਿਨਾ ਨਾਮ ਤੋਂ ਹੋਰ ਕਰਮ ਕੀਤਿਆ ਦੁਖੁ ਹੀ ਦੁਖੁ ਮਿਲਦਾ ਹੈ, ਆਨਮਤਿ ਕਰਮ ਕਰਨਹਾਰਿਆ ਨੂੰ। ਵਿਕਾਰਾਂ ਤੋਂ ਇੰਦਰਿਆ ਨੂੰ ਰੋਕਣ ਲਈ ਪਿਆਰਾ ਨਾਮ ਹੀ ਸੱਚਾ ਸੰਜਮ ਹੈ। ਗੁਰਮਤਿ ਨਾਮੁ ਹੀ ਸੱਚਾ ਜਪੁ ਤਪੁ ਸਾਧਨ ਹੈ। ਆਨਮਤਿ ਜਪਾਂ ਤਪਾ ਸੰਜਮਾਂ ਨੂੰ ਕਰ ਕੇ ਕੁਛ ਨਹੀਂ ਸਉਰਦਾ, ਕੋਈ ਮਨੋਰਥ ਸਿਧੀ ਨਹੀਂ ਹੁੰਦੀ। ਨਾਮ ਹੀ ਬੱਜਰ ਪਾਪਾ ਨੂੰ ਕਟਦਾ ਹੈ ਅਤੇ ਪਾਪ ਰੱਤ ਕਰਮੀ ਅਸਾਧ ਰੋਗਾਂ ਨੂੰ ਕਟਾਣਹਾਰਾ ਇਹ ਗੁਰਮਤਿ ਨਾਮੁ ਹੀ ਹੈ। ਗੁਰਮਤਿ ਨਾਮ ਦੀ ਪਾਰਸ ਸੀਤਲਤਾ ਦੇ ਪ੍ਰਭਾਵ ਕਰਕੇ ਗੁਰਮਤਿ ਨਾਮ ਅਭਿਆਸ ਆਸ ਕਮਾਈਆ ਕਰਨਹਾਰੇ ਗੁਰਮੁਖ ਜਨ ਦਾ ਤਨੁ ਮਨੁ ਸੀਤਲ ਹੋ ਜਾਦਾ ਹੈ। ਐਸਾ ਤਨੁ ਮਨੁ ਸੀਤਲਾਣਾ ਗੁਰਮੁਖ ਜਨ ਸੁਤੇ ਸਿਧ ਹੀ ਪੂਰਨ ਅਡੋਲ ਆਤਮ ਸਹਿਜ ਅਵਸਥਾ ਵਿਚਿ ਲੀਨ ਹੋ ਜਾਂਦਾ ਹੈ। ਜਿਸ ਦੇ ਮਨ ਦੇ ਅੰਦਰਿ ਲੋਭ ਹੀ ਲੋਭ ਮਈ ਤ੍ਰਿਸ਼ਨਾ ਦੇ ਵਿਕਾਰੀ ਸੰਕਲਪ ਵਿਕਲਪ ਹੋਣ ਉਸ ਦਾ ਮਨੁ ਇਸ ਲੋਭ ਮਈ ਤ੍ਰਿਸ਼ਨਾ ਆਦਿ ਮੈਲ ਦੇ ਕਾਰਨ ਮੈਲਾ ਕੁਚੀਲ ਹੋ ਜਾਦਾ ਹੈ। ਇਹ ਲੋਭ ਕੁਚੀਲਤਾ ਦੀ ਮੈਲ ਮਨ ਨੂੰ ਲਾ ਦਿੰਦਾ ਹੈ। ਉਸ ਤੋਂ ਫਿਰ ਮੈਲੇ ਮਲੀਨ ਕਰਮ ਹੀ ਹੁੰਦੇ ਹਨ। ਮੈਲੇ ਕਰਮ ਕਰ ਕੇ ਉਹ ਦੁਖ ਹੀ ਦੁਖ ਪਾਉਦਾ ਹੈ। ਐਸੇ ਮਨ ਮਲੀਨ ਕੂੜਿਆਰ ਪ੍ਰਾਣੀ ਕੂੜੇ ਕਰਮ ਹੀ ਕਰਦੇ ਹਨ। ਕੂੜ ਕਰਮਾਂ ਦੇ ਵਾਪਾਰ ਹੀ ਵਿਹਾਜਦੇ ਹਨ। ਅਜਿਹੇ ਕੂੜ ਵਿਹਾਜੀ ਝੂਠੇ ਵਾਪਾਰ ਕਰਦੇ ਹੋਏ ਓਹ ਨਿਰੇ ਦੁਖੀ ਹੀ ਹੁੰਦੇ ਹਨ। ਸਦਾ ਦੁਖ ਹੀ ਪਾਉਂਦੇ ਹਨ। ਕੂੜ ਵਾਪਾਰੀ ਕਰਮਾ ਦੇ ਕਰਦਿਆ ਹੋਇਆ ਓਹਨਾ ਨੂੰ ਹਮੇਸ਼ਾ ਕੂੜ ਹੀ ਬੋਲਣਾ ਪੈਂਦਾ ਹੈ। ਝੂਠ ਬੋਲਦੇ ਹਨ। ਅਤੇ ਝੂਠ ਬੋਲਿ ਬੋਲਿ ਦੁਖ ਹੀ ਦੁਖ ਸਹੇੜਦੇ ਹਨ। ਐਸਾ ਕੋਈ ਵਿਰਲਾ ਹੀ ਗੁਰੂ ਤਾਰਿਆ ਹੋਇਆ ਪ੍ਰੇਮੀ ਗੁਰਮੁਖ ਸਤਿਵਾਦੀ ਜਨ ਹੁੰਦਾ ਹੈ ਜੋ ਕਾਰ ਵਿਹਾਰ ਕਰਦਾ ਹੋਇਆ ਸਚੁ ਹੀ ਬੋਲਦਾ ਹੈ। ਨਿਰੋਲ ਸਚੁ ਬਸ ਓਹੀ ਜਨ ਬੋਲਦਾ ਹੈ ਜਿਸ ਦੇ ਅੰਦਰਿ ਨਿਰਮਲ ਬਾਣੀ ਵਸੀ ਹੋਈ ਹੈ। ਨਿਰਬਾਣ ਨਾਮ ਨੀਸ਼ਾਨੀ ਗੁਰਬਾਣੀ ਨੂੰ ਮਨ ਅੰਦਰਿ ਵਸਾਉਂਦਾ ਹੋਇਆ ਉਹ ਸੁਆਸਿ ਸੁਆਸਿ ਸਚੁ ਨਾਮ ਦਾ ਹੀ ਅਭਿਆਸ ਉਠਦਾ ਬਹਿੰਦਾ ਕੰਮ ਕਰਦਾ ਕਰਾਂਉਦਾ ਰਹਿੰਦਾ, ਹੈ। ਗੁਰੂ ਦੀ ਨਦਰ ਪਰਸਾਦ ਦੇ ਪਰਤਾਪ ਕਰਕੇ ਉਸ ਦੇ ਸਾਰੇ ਸੰਸੇ ਦੁਖ ਦੂਰ ਹੋ ਜਾਂਦੇ ਹਨ। ਨਦਰ ਪ੍ਰਸਾਦ ਗੁਰੂ ਦੀ ਉਹਨਾਂ ਵਡਭਾਗੇ ਗੁਰਮੁਖ ਜਨਾਂ ਉਤੇ ਹੀ ਵਰਸਦੀ ਹੈ ਜੋ ਗੁਰੂ ਦੇ ਸਦਾ ਆਗਿਆਕਾਰੀ ਰਹਿੰਦੇ ਹਨ। ਐਸੇ ਆਗਿਆਕਾਰੀ ਗੁਰਮੁਖ ਪਿਆਰੇ ਗੁਰਸਿਖ ਦਿਨ ਰਾਤ ਨਾਮ ਜਾਪ ਅਭਿਆਸ ਕਰਮ ਕਮਾਉਦੇ ਹੋਏ ਛਿਨ ਛਿਨ ਗੁਰ ਦੇ ਭਾਣੇ ਅੰਦਰਿ ਹੀ ਚਲਦੇ ਹਨ। ਸਦ ਸਦਾ ਨਾਮ ਜਪ ਕਰਮੁ ਕਮਾਵਣਾ ਗੁਰੂ ਕਾ ਸੱਚਾ ਆਗਿਆਕਾਰੀ ਸਿਖ ਬਣਨਾ ਹੈ ਇਹ ਸੱਚੜੀ ਕਾਰ ਸੁਆਸਿ ਸੁਆਸਿ ਨਾਮ ਅਭਿਆਸ ਵਿਚਿ ਰੱਤੇ ਮੱਤੇ ਰਹਿਣ ਵਾਲੀ ਕਾਰ ਹੈ। ਨਾਮੁ ਤੇ ਨਾਮੀ ਵਾਹਿਗੁਰੂ ਦਾ ਖਿਨ ਖਿਨ ਚਿਤ ਵਿਚ ਵਸਣਾ ਸਹੀ ਮਾਅਨਿਆ ਵਿਚਿ ਨਾਮ ਚੇਤਨਾ ਹੈ। ਅਜਿਹੀ ਨਾਮ ਚੇਤਨੀ ਆਤਮ ਅਵਸਥਾ ਵਿਚਿ ਅਰੂੜ ਹੋਇਆਂ ਹੀ ਸੱਚੇ ਸੁਖ ਦੀ ਪਰਮਾਤਮ ਮੇਲ ਦਰਸ਼ਨੀ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਕਲਜੁਗ ਮਹਿ ਬਹੁ ਕਰਮ ਕਮਾਹਿ ॥ਨਾ ਰੁਤਿ ਨ ਕਰਮ ਥਾਇ ਪਾਹਿ॥੧॥
ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥ਗੁਰਮੁਖਿ ਸਾਚਾ ਲਗੈ ਪਿਆਰੁ॥੧॥ ਰਹਾਉ॥
ਤਨੁ ਮਨੁ ਖੋਜਿ ਘਰੈ ਮਹਿ ਪਾਇਆ॥ਗੁਰਮੁਖਿ ਰਾਮ ਨਾਮਿ ਚਿਤੁ ਲਾਇਆ॥੨॥



www.AKJ.Org

ਗਿਆਨ ਅੰਜਨੁ ਸਤਿਗੁਰ ਤੇ ਹੋਇ॥ਰਾਮ ਨਾਮੁ ਰਵਿ ਰਹਿਆ ਤਿਹੁ ਲੋਇ॥੩॥
ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ॥
ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ॥ ੪॥੧੦॥

(ਭੈਰਉ ਮ: ੩ ਪੰਨਾ ੧੧੩੦)

ਕਲਜੁਗੀ ਲੋਗ ਇਸ ਕਲਜੁਗ ਦੇ ਜ਼ਮਾਨੇ ਅੰਦਰ ਜਿਤਨੇ ਭੀ ਬਹੁਤੇ ਕਰਮ ਆਨਮਤੀਆਂ ਵਾਲੇ ਆਨਮਤ ਧਰਮਾਂ ਦੇ ਕਰਦੇ ਹਨ, ਨਾ ਏਹ ਉਨ੍ਹਾਂ ਦੇ ਕਰਮ ਕਮਾਉਣ ਵਾਲੀ ਰੁਤ ਹੀ ਸੁਹਾਵੀ ਸਫਲੀ ਹੁੰਦੀ ਥਾਇ ਪੈਦੀ ਹੈ। ਨਾ ਹੀ ਓਹਨਾ ਦੇ ਕੀਤੇ ਕਰਮ ਥਾਂਇ ਪੈਦੇ ਹਨ। ਕਿਸੇ ਭੀ ਲੇਖੇ ਨਹੀਂ ਲਗਦੇ। ਕਲਜੁਗ ਅੰਦਰ ਸਾਰੇ ਕਰਮ ਇਕ ਰਾਮ ਨਾਮ ਹੀ ਹੈ ਜੋ ਸਾਰਿਆਂ ਅੰਦਰਿ ਰਮ ਰਹਿਆ ਹੈ। ਇਸ ਨਾਮ ਨਾਲ ਦ੍ਰਿੜਤਾ ਵਾਲਾ ਪ੍ਰੇਮ ਪਿਆਰ ਗੁਰ ਦੀਖਿਆ ਦੁਆਰਾ ਹੀ ਲਗਦਾ ਹੈ। ਗੁਰਮੁਖਾਂ ਪੰਜ ਪਿਆਰਿਆਂ ਪੰਚ ਜਨਾਂ ਦੇ ਮੁਖੋਂ ਦ੍ਰਿੜਾਇਆ ਗੁਰ ਮੰਤਰੀ ਨਾਮ ਹੀ ਫਲੀਭੂਤ ਹੁੰਦਾ ਹੈ। ਨਾਮ ਅਭਿਆਸੀ ਏਸ ਗੁਰ ਦੀਖਤ ਨਾਮ ਨੂੰ ਲੈਕੇ ਹੀ ਨਾਮ ਅਭਿਆਸ ਕਮਾਈ ਵਿਚਿ ਦ੍ਰਿੜਤਾ ਸਹਿਤ ਤੱਤਪਰ ਹੁੰਦੇ ਹਨ। ਗੁਰਮੁਖਿ ਦਾ ਅਰਥ ਏਥੇ ਗੁਰੂ ਦੁਆਰਾ ਗੁਰ ਉਪਦੇਸ਼ ਦੁਆਰਾ ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਦੀਖਿਅਤ ਹੋਣ ਦਾ ਹੈ। ਸਾਚਾ ਪਿਆਰੁ ਨਾਮ ਨਾਲਿ ਗੁਰਮੁਖੋਂ ਗੁਰੂ ਸਰੂਪ ਪੰਜਾ ਪਿਆਰਿਆਂ ਦੇ ਮੁਖੋਂ ਉਚਾਰੀ ਗੁਰ ਦੀਖਿਆ ਦੁਆਰਾ ਲਗਦਾ ਹੈ। ਭਾਵ ਗੁਰਮਤਿ ਨਾਮ ਗੁਰ ਦੀਖਿਆ ਦੁਆਰਾ ਹੀ ਦ੍ਰਿੜ ਹੁੰਦਾ ਹੈ.। ਐਸੇ ਗੁਰ ਦੀਖਿਆ ਨੂੰ ਪ੍ਰਾਪਤ ਹੋਏ ਨਾਮ ਦ੍ਰਿੜ੍ਹਮਤਿ ਗੁਰੂ ਘਰ ਦੇ ਗੁਰਮਤਿ ਅਭਿਆਸੀ ਜਨਾਂ ਨੇ ਰਿਦੰਤਰਿ ਨਭ ਨਾਭਿ ਸੁਆਸ ਅਭਿਆਸ ਦਾ ਬਿਲੋਵਨਾ ਬਿਲੋਇ ਕੈ ਰਸਨਾ ਰਸ ਗੁਰਾਟੀ ਖੰਡਾ ਖੜਕਾਇ ਕੈ ਘਟ ਅੰਤਰਿ ਹੀ ਵਾਹਿਗੁਰੂ ਦੀ ਜੋਤਿ ਨੂੰ ਜਗਾਇਆ ਹੈ। ਤਨ ਇਉ "ਤਨੁ ਮਨੁ ਖੋਜਿ ਘਰੈ ਮਹਿ ਪਾਇਆ" ਤਨ ਸਰੀਰ ਰੂਪੀ ਮਟਕੀ ਮਾਹਿ ਸ਼ਬਦ ਗੁਰਮੰਤਰ ਨੂੰ ਸੰਜੋਇ ਕੈ •ਮਨ ਦੀ ਸੁਰਤ ਨਾਲਿ ਬਿਲੋਵਨਾ ਬਿਲੋਇਆ ਹਰਿ ਨਾਮ ਗੁਰਮਤਿ ਨਾਮ ਦਾ।

ਇਉਂ ਤਨ ਭੀ ਖੋਜਿਆ ਗਿਆ ਹੈ ਤੇ ਮਨ ਭੀ ਖੋਜਿਆ ਗਿਆ ਹੈ ਅਤੇ ਇਸੇ ਤਨ ਮਨ ਮੱਧੇ ਵਾਹਿਗੁਰੂ ਜੋਤੀਸ਼ਰ ਦੀ ਜੋਤਿ ਪਰਗਟੀ ਆਈ। ਤਦ ਹੀ ਘਰੇ ਮਹਿ ਘਟ ਅੰਦਰਿ ਹੀ ਪਰਮਾਤਮਾ ਨੂੰ ਪਾਉਣ ਦੀ ਬਿਧਿ ਬਣਿ ਆਈ। ਇਸ ਰਸ ਜੋਤਿ ਵਿਗਾਸਨੀ ਆਤਮ ਅਰੂੜ੍ਹ ਪਰਮਾਤਮ ਸੰਜੂੜ ਅਵਸਥਾ ਅੰਦਰਿ ਭੀ ਗੁਰਮੁਖਾਂ, ਉਤਮ ਅਭਿਆਸੀ ਜਨਾਂ ਨੇ ਨਾਮ ਅਭਿਆਸ ਨਹੀ ਛਡਿਆ ਸਗੋਂ ਹੋਰ ਅਨੰਦ ਰਸਿ ਰਸੱਤ ਹੋਕੇ ਨਾਮ ਦੇ ਅਭਿਆਸ ਵਿਖੇ ਚਿਤ ਲਾਇਆ ਹੈ।"ਗੁਰਮੁਖਿ ਰਾਮ ਨਾਮਿ ਚਿਤੁ ਲਾਇਆ" ਵਾਲੇ ਪਦ ਨੂੰ ਪੁਗ ਕੇ ਅਭਿਆਸੀ ਜਨਾਂ ਦੇ ਨੇਤਰਾਂ ਅੰਦਰਿ ਸਤਿਗੁਰੂ ਦੀ ਕਿਰਪਾ ਨਾਲਿ ਐਸਾ ਗਿਆਨ ਪਰਚੰਡੀ ਅੰਜਨ ਪਰਵੇਸ਼ ਹੋਇਆ ਕਿ ਉਹਨਾ ਦੀ ਜੋਤਿ ਨਿਗਹਤੀ ਦਿੱਬ ਦ੍ਰਿਸ਼ਟੀ ਹੋ ਗ਼ਈ। ਇਸ ਪਦ ਪੁੱਗ ਕੇ ਸਾਰੇ ਅੰਦਰਿ ਬਾਹਰਿ ਪਰਤੱਖ ਬ੍ਰਹਮ ਹੀ ਬ੍ਰਹਮ ਨਦਰੀ ਆਉਣ ਲੱਗਾ ਗੁਰ ਗਿਆਨ ਜੋਤਿ ਅੰਜਨੀ ਦਿੱਬ ਦ੍ਰਿਸ਼ਟੀ ਦੇ ਪ੍ਰਭਾਵ ਕਰਿ ਆਹਾ । ਜੋਤਿ ਪਰਚੰਡੀ ਪਰਕਾਸ਼ ਵਾਲੇ ਵਾਹਿਗੁਰੂ ਦਾ ਜਲਵਾ ਸਾਰੇ ਖੰਡਾ ਬ੍ਰਹਿਮੰਡਾਂ ਪੁਰੀਆ ਲੋਆ ਤਿੰਨਾਂ ਲੋਕਾਂ ਵਿਖੇ ਪ੍ਰਤਿਬਿੰਬਤ ਹੋਇਆ ਪਰਤੱਖ ਨਜ਼ਰੀ ਆਇਆ। ਇਹ ਜੋਤਿ ਵਿਗਾਸਾਰੀ ਇਕ ਅਕਾਲ ਪੁਰਖ ਦਰਸਨਾਰੀ ਅਨੰਦ ਬਹਾਰ ਇਸ ਕਲਿਜੁਗਾਰੀ ਰੁਤਿ ਅੰਦਰਿ ਹੀ ਹੈ। ਹੋਰ ਆਨਮਤ ਕਰਮਾਰੀ ਰੁਤ ਇਸ ਕਲਜੁਗ ਅੰਦਰਿ ਬੀਜਣ ਦੀ ਹੈ ਹੀ ਨਹੀ। ਤਾ ਤੇ ਗੁਰੂ ਘਰ ਦੇ ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਮੁਖਿ ਜਨ ਨਿਜ ਹਿਰਦੇ ਰੂਪੀ ਭੂਮੀ ਅੰਦਰਿ ਗੁਰਮਤਿ ਨਾਮ ਦੇ ਬੀਜ ਨੂੰ ਬੋਵੰਦੇ ਹਨ। ਇਹ ਬੀਜ ਹਿਰਦੇ ਅੰਦਰ ਬੋਇਆ ਜਾਂਦਾ ਹੈ ਅਤੇ ਹਿਰਦੇ ਅੰਦਰਿ ਹੀ ਜੰਮਦਾ ਹੈ(ਫੁਲਦਾ ਫਲਦਾ ਤੇ ਵਿਗਸਦਾ ਹੈ) ਅਥਾਹ ਨਾਮ ਅਭਿਆਸ ਤੱਤ ਗੁਰਮਤਿ 'ਰਸ ਜੋਤਸੀ (ਜੋਤਿ ਮਈ) ਕਮਾਈਆਂ ਕਰਿ ਕਰਿ ਗੁਰਮਤਿ ਨਾਮ ਤੱਤ ਕਮਾਈ ਦਾ ਇਹ ਵਿਲੱਖਣ ਚਲਤ ਕ੍ਰਿਸ਼ਮਾ ਹੈ।

(ਚਲਦਾ)

**ਮੋਖ਼ ਰਹਿਤ ਲੜੀਵਾਰ ਗੁਟਕੇ**

ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਲੜੀਵਾਰ ਗੁਟਕੇ ਬਿਨਾਂ ਕਿਸੇ ਭੇਟਾ ਦੇ ਮੋਖ ਰਹਿਤ ਪ੍ਰਾਪਤ ਕਰਨ ਲਈ ਸੰਪਰਕ ਕਰੋ। ਸ੍ਰ: ਗੁਰਪ੍ਰੀਤ ਸਿੰਘ 67-D ਡਾ: ਮੁਖਰਜੀ ਨਗਰ ਦਿੱਲੀ ਫੋਨ : 7654833



www.AKJ.Org

# ਸਿੱਖ ਅਧੋਗਤੀ ਦੇ ਰਾਹਾਂ ਤੇ -ਕੁੱਝ ਕਾਰਨ ਵਿਸ਼ਲੇਸ਼ਣ ਤੇ ਸੁਝਾਅ

ਕਰਨਲ ਡਾ: ਦਲਵਿੰਦਰ ਸਿੰਘ (ਲੁਧਿਆਣਾ)

ਲੌਂਗੋਵਾਲ ਤੋਂ ਲੁਧਿਆਣੇ ਦਾ ਸਫਰ ਮੈਨੂੰ ਹਰ ਸ਼ੁਕਰਵਾਰ ਕਰਨਾ ਪੈਂਦਾ ਹੈ। ਮਾਲਵੇ ਦੀ ਇਸ ਧਰਤੀ ਵਿੱਚੋਂ ਗੁਜ਼ਰਦਿਆਂ ਮੈਂ ਸਿੱਖੀ ਦੀ ਰੰਗਤ ਦੇਖ ਕੇ ਅਚੰਭਿਤ ਰਹਿ ਜਾਂਦਾ ਹਾਂ। ਪਹਿਲਾਂ ਪਹਿਲ ਤਾਂ ਇਸ 100 ਕਿਲੋਮੀਟਰ ਤੋਂ ਉਪਰ ਦੇ ਸਫਰ ਕਰਦਿਆਂ ਬੜਾ ਅਚੰਭਾ ਲਗਿਆ ਪਰ ਇਕ ਵਾਰ ਮੈਂ ਗਿਣਤੀਆ ਗਿਣਨ ਲੱਗ ਪਿਆ ਤਾਂ ਮੈਨੂੰ ਉਹ ਝਟਕਾ ਲਗਿਆ ਜਿਸ ਤੋਂ ਮੈਨੂੰ ਉਭਰਨ ਦਾ ਰਾਹ ਨਹੀਂ ਦਿਸਦਾ।

ਤਕਰੀਬਨ 400 ਸਿੱਖਾਂ ਦੀ ਗਿਣਤੀ ਮੈਂ ਉਸ ਦਿਨ ਕੀਤੀ, ਸ਼ਾਮ ਦੇ 5 ਵਜੇ ਤੋਂ 6.30 ਵਜੇ ਦੇ ਵਿਚ ਵਿੱਚ। ਇਹਨਾ ਵਿੱਚੋਂ ਮੈਂ ਤਿੰਨ ਗਰੁਪਾਂ ਦਾ ਵਰਨਣ ਕਰਾਂਗਾ। 40 ਸਾਲ ਤੋਂ ਉਪਰਲੇ ਸਿੱਖ, ੨5 ਤੋਂ 40 ਸਾਲ ਤੱਕ ਦੇ ਸਿੱਖ ੨5 ਸਾਲ ਤੋਂ ਘੱਟ ਉਮਰ ਦੇ ਸਿੱਖ ਯੁਵਕ। 40 ਸਾਲ ਤੋਂ ਉਪਰਲੇ ਸਾਰੇ ਸਿੱਖਾਂ ਦੇ ਖੁਲ੍ਹੀਆ ਦਾੜ੍ਹੀਆਂ ਰਖੀਆਂ ਹੋਈਆ ਸਨ ਤੇ 80% ਦੀਆਂ ਚਿਟੀਆਂ ਖੁਲ੍ਹੀਆਂ ਦਾੜ੍ਹੀਆ ਵਿੱਚੋਂ ਸਿੱਖੀ ਦੀ ਸ਼ਾਨ ਛਲਕਾਂ ਮਾਰਦੀ ਸੀ। ੨5 ਸਾਲ ਤੋਂ 40 ਸਾਲ ਦੇ ਸਿੱਖਾਂ ਦੇ ਤਕਰੀਬਨ 70% ਦੇ ਸਿਰ ਮੁੰਨੇ ਹੋਏ ਸਨ ਤੇ ਦਾੜ੍ਹੀਆ ਅੱਧ ਕਟੀਆਂ ਸਨ। ੨5 ਸਾਲ ਤੋਂ ਥੱਲੇ ਦੇ ਜਿਤਨੇ ਵੀ ਚਿਹਰੇ ਦਿੱਸੇ ਉਹਨਾਂ ਵਿੱਚੋਂ ਸਿਰਫ ੨ ਦੀਆ ਦਾੜ੍ਹੀਆ ਨਜ਼ਰ ਆਈਆਂ ਤੇ ਕੇਸਾਂ ਉਪਰ ਪਗੜੀ ਸੁਹੰਦੀ ਸੀ, ਬਾਕੀ ਦੇ ਸਾਰੇ ਘੋਨ ਮੋਨ। ਇਹ ਦ੍ਰਿਸ਼ ਸੀ ਲੌਂਗੋਵਾਲ ਤੋਂ ਬੱਦੋਵਾਲ ਤੱਕ ਦਾ। ਸਹਿਰ ਵਿੱਚ ਇਹ ਦ੍ਰਿਸ਼ ਭਿੰਨ ਸੀ, ਜਿੱਥੇ ਬੀਬੀਆਂ ਦਾੜ੍ਹੀਆ ਤੇ ਸੱਜੀਆਂ ਦਸਤਾਰਾਂ ਵੇਖ ਕੇ ਮਨ ਕੁੱਝ ਸੰਭਲਿਆ।

ਬੜੇ ਦਿਨਾਂ ਤੋਂ ਮਨ ਇਹੋ ਸੋਚਦਾ ਰਹਿੰਦਾ ਹੈ ਕਿ ਸਾਡੇ ਪੇਂਡੂ ਤਬਕੇ ਦੇ ਯੁਵਕ ਵਰਗ ਵਿੱਚ ਸਿੱਖੀ ਵੱਲੋਂ ਇਸ ਤਰ੍ਹਾਂ ਮੂੰਹ ਮੋੜੀ ਕਿਉਂ? ਇਸ ਗੱਲ ਦੀ ਉਦੋਂ ਤਸਦੀਕ ਹੋਰ ਹੋ ਗਈ ਜਦੋਂ ਮੈਂ ਰਾਏਕੋਟ ਦੇ ਨੇੜ੍ਹੇ ਇਕ ਸਕੂਲ ਦੇ ਫੰਕਸ਼ਨ ਤੇ ਗਿਆ ਤਾਂ ਉਥੇ 700 ਬੱਚਿਆਂ ਵਿੱਚੋਂ ਸਿਰਫ 4੨ ਬੱਚਿਆਂ ਦੇ ਹੀ ਪਗੜ੍ਹੀਆ ਬੰਨ੍ਹੀਆ ਹੋਈਆਂ ਸਨ ਤੇ ਉਹਨਾਂ ਵਿਚ ਅੱਧਿਆ ਦੇ ਸਿਰ ਮੁੰਨੇ ਹੋਏ ਸਨ। ਇਸਦਾ ਭਾਵ 700 ਵਿੱਚੋਂ ਸਿਰਫ ੨0ਬੱਚੇ ਹੀ ਸਨ ਜਿਹੜੇ ਸਿੱਖੀ ਨਾਲ ਜੁੜੇ ਹੋਏ ਸਨ।

ਆਪਣੇ ਸਿੱਖ ਵੀਰਾ ਨਾਲ ਇਸ ਬਾਰੇ ਵਿਚਾਰ ਚਰਚਾ ਚਲੀ ਤਾਂ ਉਹਨਾਂ ਨੇ ਜੋ ਕਾਰਨ ਦੱਸੇ ਉਹ ਇਹ ਸਨ:-

1. ਪਛਮੀ ਸਭਿਅਤਾ ਦਾ ਪ੍ਰਭਾਵ ੨. ਟੀ. ਵੀ. ਦਾ ਪ੍ਰਭਾਵ 3. ਬਦੇਸ਼ੀਂ ਜਾਣ ਦੀ ਖਿੱਚ 4. ਸਿੱਖੀ ਦੇ ਪ੍ਰਚਾਰ ਦੀ ਅਣਹੋਂਦ 5. ਸਿੱਖ ਲੀਡਰੀ ਤੋਂ ਨਰਾਜ਼ਗੀ 6. ਆਰ. ਐਸ. ਐਸ. ਦਾ ਪ੍ਰਭਾਵ ਤੇ ਪ੍ਰਚਾਰ 7. ਹਰਿਮੰਦਰ ਸਾਹਿਬ ਦੇ ਹਮਲੇ ਪਿੱਛੋਂ ਸਿੱਖੀ ਨਾਲੋਂ ਤੋੜ- ਵਿਛੋੜਾ 8. ਪ੍ਰਮੁਖ ਪਰਚਿਆ ਵਿੱਚ ਮੈਟ੍ਰੀਮੋਨੀਅਲ ਜਿਨ੍ਹਾ ਵਿੱਚ ਸਿਖ ਕੁੜੀਆਂ ਦੀ ਕੇਸ ਕੱਟਿਆ ਲਈ ਪ੍ਰਾਥਮਿਕਤਾ। ੭. ਮਾਤ ਪਿਤਾ ਤੇ ਸਾਕ ਸੰਬੰਧੀਆਂ ਦਾ ਬੱਚਿਆਂ ਨੂੰ ਸਿੱਖੀ ਪ੍ਰਤੀ ਜਾਣਕਾਰੀ ਨਾ ਦੇ ਸਕਣਾ। ਮਾਤ ਪਿਤਾ ਦਾ ਬੱਚਿਆਂ ਉਪਰ ਕੰਟ੍ਰੋਲ ਨਾ ਹੋਣਾ। 10. ਟੁੱਟਦੇ ਸੰਯੁਕਤ ਪ੍ਰੀਵਾਰਾਂ ਵਿੱਚ ਧਾਰਮਿਕ ਸਿਖਿਆ ਦੇਣ ਲਈ ਢੁਕਵੇਂ ਵਾਤਾਵਰਨ ਦੀ ਘਾਟ।

ਹੋਰ ਵੀ ਕਈ ਕਾਰਨ ਦਿੱਤੇ ਗਏ। ਇਨ੍ਹਾਂ ਪ੍ਰਮੁਖ ਕਾਰਨਾਂ ਨੂੰ ਚਾਰ ਗੁਰਪਾਂ ਵਿੱਚ ਵੰਡਿਆ ਜਾ ਸਕਦਾ ਹੈ :-

1. ਪੱਛਮੀ ਸਭਿਅਤਾ ਤੇ ਪ੍ਰਚਾਰ ਸਾਧਨਾਂ ਦਾ ਪ੍ਰਭਾਵ ਤੇ ਵਿਦੇਸ਼ ਜਾਣ ਦੀ ਖਿੱਚ।
੨. ਸਿੱਖ ਲੀਡਰੀ ਦੀ ਸਿੱਖੀ ਪ੍ਰਤੀ ਬੇਰੁੱਖੀ ਤੇ ਗੱਦੀਆਂ ਪ੍ਰਤੀ ਅਟੁੱਟ ਲਗਾਵ।
3. ਪਰਿਵਾਰਾਂ ਦਾ ਬੱਚਿਆਂ ਉਤੋਂ ਪ੍ਰਭਾਵ ਉਨਣਾ ਤੇ ਘਰਾਂ ਤੇ ਸਕੂਲਾਂ ਵਿੱਚ ਸਿੱਖੀ ਵਾਤਾਵਰਣ ਦੀ ਘਾਟ।
4. ਸਿੱਖ ਵਿਰੋਧੀ ਤਾਕਤਾਂ ਦਾ ਪ੍ਰਚਾਰ ਤੇ ਪ੍ਰਸਾਰ।

ਪੱਛਮੀ ਸਭਿਅਤਾ ਅਤੇ ਪ੍ਰਚਾਰ ਸਾਧਨਾਂ ਦਾ ਪ੍ਰਭਾਵ ਤੇ ਵਿਦੇਸ਼ਾ ਦੀ ਖਿੱਚ :-

ਪੱਛਮੀ ਸਭਿਅਤਾ ਮਾਇਆਵੀ ਹੈ ਤੇ ਪ੍ਰਚਾਰ-ਸਾਧਨ ਰਾਹ-ਭਟਕਾਊ। ਪਛਮੀ ਸਭਿਅਤਾ ਸਵੈ-ਕੇਂਦਰਿਤ ਹੈ ਤੇ ਪ੍ਰਚਾਰ-ਸਾਧਨ ਦੂਸਰੀਆਂ ਸਭਿਆਤਾਵਾਂ ਲਈ ਤਬਾਹਕੁਨ। 'ਮੈਂ'- ਮੇਰੀ' ਦੁਆਲੇ ਜੁੜੀ ਇਹ ਮਾਇਆ-ਪੁੜ੍ਹੀ ਸਭਿਅਤਾ ਸਿੱਖੀ ਦੇ ''ਸਰਬੱਤ ਦੇ ਭਲੇ'' ਦੀ ਸਭਿਅਤਾ ਦੇ ਬਿਲਕੁਲ ਉਲਟ ਹੈ। ਜਿੱਥੇ ਪੱਛਮੀ ਪ੍ਰਚਾਰ ਸਾਧਨ, ਕਾਮ,



www.AKJ.Org

ਕ੍ਰੋਧ, ਲੋਭ, ਮੋਹ ਅਹੰਕਾਰ ਨੂੰ ਭੜਕਾਉਂਦੇ ਹਨ, ਉਥੇ ਸਿੱਖੀ ਦਾ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਨੂੰ ਤਿਲਾਂਜਲੀ ਦੇਣ ਦਾ ਸਭਿਆਚਾਰ ਮਾਤ ਪੈ ਰਿਹਾ ਹੈ। ਸਿੱਖੀ ਪੁਰਾਣੀਆ ਕਦਰਾ ਕੀਮਤਾਂ ਨਾਲ ਜੁੜ ਕੇ ਇਹਨਾ ਪ੍ਰਚਾਰ-ਸਾਧਨਾ ਨੂੰ ਆਪਣੇ ਪੱਖ ਵਿੱਚ ਵਰਤਣੋਂ ਝਿਜਕਦੀ ਰਹੀ ਤੇ ਜਾਗੀ ਉਦੋਂ ਜਦੋਂ ਬਹੁਤ ਦੇਰੀ ਹੋ ਗਈ। ਪੱਛਮੀ-ਗੀਤ ਸੰਗੀਤ ਨਾਚ ਦਾ ਪ੍ਰਭਾਵ ਸਾਡੇ ਕਲਚਰ ਉਤੇ ਇਨਾ ਪੈ ਗਿਆ ਕਿ ਅਸੀਂ ਆਪਣੇ ਕਲਚਰ ਨੂੰ ਪਛਮੀ ਕਲਚਰ ਨਾਲ ਜੋੜ ਕੇ ਆਪਣੇ ਆਪ ਨੂੰ ਉਚੇਰਾ ਸਮਝਣ ਲੱਗ ਪਏ। ਇਹ ਭੁੱਲ ਗਏ ਕਿ ਜੋ ਰਸ ਗੁਰਬਾਣੀ ਸੰਗੀਤ ਵਿਚ ਹੈ ਉਹ ਰੂਹਾਨੀ ਤਾਕਤ ਹੋਰ ਕਿਧਰੇ ਨਹੀਂ ਮਿਲ ਸਕਦੀ। ਇਹ ਵੀ ਦਸਣਾ ਭੁੱਲ ਗਏ ਕਿ ਜੋ ਕੇਸ ਸਰੀਰੋਂ ਨਾ ਵੱਖ ਹੋਣ ਦੇਣ ਲਈ ਸਾਡੇ ਸ਼ਹੀਦਾ ਖੋਪਰੀਆ ਤੱਕ ਲੁਹਾ ਲਈਆਂ ਉਹਨਾਂ ਦਾ ਮਹੱਤਵ ਘਟਾਉਣ ਲਈ ਸਾਡੀਆਂ ਲੜਕੀਆ ਉਹ ਵਰ ਲੱਭਣ ਲੱਗ ਪਈਆਂ ਜਿਨ੍ਹਾ ਦੇ ਕੇਸ ਹੈ ਹੀ ਨਹੀਂ। ਉਪਰੋਂ ਹੱਦ ਇਹ ਕਿ ਮਾਂ ਬਾਪ ਉਹਨਾ ਦੀ ਜ਼ਿੱਦ ਬੇ-ਝਿਜਕ ਮੰਨਣ ਲੱਗ ਪਏ। ਹੋਰ ਤਾ ਹੋਰ ਇਹ ਵੀ ਲਿਖਣ ਲੱਗ ਪਏ 'ਸਿੱਖ ਦਾ ਸਾਕ, ਲੜਕਾ ਕੇਸ-ਰਹਿਤ ਹੋਵੇ'। ਜਦ ਕੇਸ-ਰਹਿਤ ਹੀ ਹੋ ਗਏ ਤਾ ਫਿਰ ਸਿੱਖ ਕਿੱਥੇ ਰਹਿ ਗਏ ? ਕੀ ਇਹੋ ਜਿਹੇ ਐਡਵਰਟਾਈਜ਼ਮੈਂਟ ਦੇ ਕੇ ਸਿੱਖੀ ਨੂੰ ਅਪਮਾਨਿਤ ਕਰਨ ਦਾ ਇਹ ਕੋਝਾ ਯਤਨ ਨਹੀਂ ? ਕੀ ਕਿਸੇ ਸਿੱਖ ਸੰਸਥਾ ਨੇ ਅਜਿਹੇ ਐਡਵਰਟਾਈਜ਼ਮੈਂਟ ਵਿਰੁੱਧ ਕੋਈ ਐਕਸ਼ਨ ਲਿਆ ਹੈ? ਐਕਸ਼ਨ ਤਾਂ ਕੀ ਵਿਰੋਧ ਦੀ ਵੀ ਕੋਈ ਆਵਾਜ਼ ਨਹੀਂ ਉਠੀ। ਇਸੇ ਤਰ੍ਹਾਂ ਦੇ ਇਕ ਵੱਡੇ ਘਰਾਣੇ ਨੇ ਮੇਰੇ ਬੇਟੇ ਦੇ ਰਿਸ਼ਤੇ ਲਈ ਜਦੋਂ ਸਵਾਲ ਪਾਇਆ ਕਿ 'ਸਾਡੀ ਲੜਕੀ ਤਾ ਕੇਸ-ਕਟੇ ਲੜਕੇ ਨੂੰ ਪਸੰਦ ਕਰਦੀ ਹੈ' ਤਾ ਮੇਰਾ ਜੁਆਬ ਸੀ 'ਫਿਰ ਸਿੱਖਾਂ ਦੇ ਲੜਕੇ ਕਿਉਂ ਭਾਲਦੇ ਹੋ, ਹੋਰ ਵੀ ਤਾ ਕਈ ਧਰਮ ਹਨ ਜੋ ਕੇਸ ਨਹੀਂ ਰਖਦੇ । ਜਾਂ ਤਾ ਆਪਣੇ ਆਪ ਨੂੰ ਸਿੱਖ ਨਾ ਅਖਵਾਉ ਤੇ ਜਾ ਕੇਸ ਕਤਲ ਕਰਵਾਉਣ ਵਰਗੀ ਕੁਕਰਮੀ ਗੱਲ ਨਾ ਕਰੋ।'ਆਖਣ ਲਗੇ 'ਕੁੜੀ ਨਹੀਂ ਮੰਨਦੀ' ਮੇਰਾ ਜੁਆਬ ਸੀ 'ਜੇ ਤੁਸੀਂ ਆਪਣੇ ਬੱਚਿਆ ਨੂੰ ਸਿੱਖੀ ਦੀਆਂ ਕਦਰਾ ਕੀਮਤਾ ਨਹੀਂ ਸਿਖਾ ਸਕਦੇ ਫਿਰ ਤੁਹਾਨੂੰ ਸਿੱਖ ਅਖਵਾਉਣ ਦੀ ਕੀ ਜ਼ਰੂਰਤ ਸੀ। ਸਿੱਖੀ ਤਾ ਧੁਰ ਅੰਦਰ ਦਾ ਗੁਰਮਤਿ ਨਾਲ ਰਿਸ਼ਤਾ ਹੈ ਦਿਖਾਵੇ ਨਾਲ ਕੋਈ ਗੁਰਸਿਖ ਨਹੀਂ ਬਣਦਾ।' ਉਹ ਫਿਰ ਬੋਲੇ 'ਤੁਸੀਂ ਤਾ ਕੱਟੜ ਸਿੱਖ ਹੋ,ਫਿਰ ਵੀ ਸੋਚ ਲਵੋ ਏਡੇ ਵੱਡੇ ਘਰ ਦਾ ਰਿਸ਼ਤਾ ਠੁਕਰਾਉਂਦੇ ਹੋ।' ਮੇਰਾ ਸਾਫ ਜੁਆਬ ਸੀ 'ਸਭ ਤੋਂ ਵੱਡਾ ਘਰ ਤਾ ਗੁਰੂ ਦਾ ਘਰ ਹੈ। ਮੇਰਾ ਉਸ 'ਘਰ ਨਾਲ ਰਿਸ਼ਤਾ ਜੁੜਿਆ ਹੈ ਹੋਰ ਕੋਈ ਘਰ ਮੈਨੂੰ ਵੱਡਾ ਨਹੀਂ ਲਗਦਾ। ਸਾਡੇ ਸ਼ਹੀਦ ਤਾਂ ਸਿੱਖੀ ਕੇਸਾ ਸੁਆਸਾ ਨਾਲ ਨਿਭਾ ਗਏ ਤੇ ਤੁਸੀਂ ਕਿਹੋ ਜਿਹੇ ਸਿੱਖ ਹੋ ਜੋ ਤੁੱਛ ਮਾਇਆ ਲਈ ਕੇਸਾਂ ਦੀ ਬਲੀ ਮੰਗਦੇ ਹੋ।' ਅੱਗੋਂ ਉਸ ਭਲੇ ਪੁਰਸ਼ ਦੀ ਸਿੰਘਣੀ ਸਕਤੇ ਵਿੱਚ ਆ ਗਈ ਤੇ ਆਪਣੇ ਪਤੀ ਨੂੰ ਬੋਲਣ ਲਗੀ 'ਤੁਹਾਨੂੰ ਸੌ ਵਾਰੀ ਆਖਿਆ ਸੀ ਕੁੜੀ ਨੂੰ ਸੰਭਾਲ ਕੇ ਰੱਖੋ। ਮਾਡਰਨ ਮਾਡਰਨ ਦੇ ਚੱਕਰ ਵਿੱਚ ਸਿੱਖੀ ਨੂੰ ਲਾਜ ਲਵਾਉਣ ਤੇ ਉਤਰ ਆਏ। ਮੈਂ ਹੁਣ ਦੇਖਾਂਗੀ ਕਿ ਕਿਵੇਂ ਇਹਦੀ ਜ਼ਿੱਦ ਪੁਗਦੀ ਹੈ। 'ਜਾਂਦੇ ਜਾਂਦੇ ਜਦ ਉਸ ਸਿੰਘਣੀ ਨੇ ਪਛਤਾਵਾ ਜਤਾਦੇ ਹੋਏ ਕਿਹਾ ਕਿ 'ਭਰਾ ਜੀ, ਮਾਫ ਕਰਨਾ, ਸਾਡੀ ਤਾ ਮੱਤ ਹੀ ਮਾਰੀ ਗਈ ਸੀ ਜੋ ਕੁੜੀ ਦੇ ਝਾਂਸੇ ਵਿਚ ਆ ਗਏ।' ਤਾ ਮੈਨੂੰ ਤਸੱਲੀ ਹੋਈ ਕਿ ਜੇ ਅਸੀਂ ਚਾਹੀਏ ਤਾ ਇਸ ਹਾਲਤ ਵਿੱਚ ਬਦਲਾਉ ਲਿਆ ਸਕਦੇ ਹਾਂ ਤੇ ਪੱਛਮੀ ਸਭਿਅਤਾ ਦੇ .ਵਧਦੇ ਪ੍ਰਭਾਵ ਨੂੰ ਠੱਲ੍ਹ ਪਾ ਸਕਦੇ ਹਾ।

**ਕਈ ਸਿੱਖ ਲੀਡਰਾਂ ਦੀ ਸਿੱਖੀ-ਪ੍ਰਤੀ ਬੇਰੁਖੀ:—**

ਤਾਕਤ ਤੇ ਪੈਸਾ ਅਜਿਹ ਨਸ਼ ਹਨ ਜੋ ਆਦਮੀ ਦੀ ਅਦਮੀਅਤ ਖੋਹ ਲੈਂਦੇ ਹਨ। ਸਿੱਖੀ ਦੀ ਸਿੱਖੀ ਕਾਮ-ਕ੍ਰੋਧ-ਲੋਭ-ਮੋਹ ਅਹੰਕਾਰ ਤਿਆਗਣ ਦੀ ਹੈ ਪਰ ਜਿਸ ਸਿੱਖ ਨੂੰ ਲੋਭ ਤੇ ਤਾਕਤ ਦੇ ਮੋਹ ਜਕੜ ਲੈਣ ਉਹ ਸਿੱਖੀ ਦਾ ਪੈਰੋਕਾਰ ਨਹੀਂ ਰਹਿ ਸਕਦਾ, ਉਸਨੇ ਸਿੱਖੀ ਦਾ ਲੀਡਰ ਕੀ ਬਣਨਾ ਹੈ। ਪਰ ਇਥੇ ਸਾਡੇ ਕੁਝ ਲੀਡਰ ਪੱਛਮੀ-ਸਭਿਅਤਾ ਦੇ ਸ਼ਿਕੰਜੇ ਵਿਚ ਜਕੜੇ ਹੋਏ ਲੋਭ-ਮੋਹ ਨਾਲ ਵਿਆਹੇ ਸਿੱਖੀ ਦੀਆ ਅਸਲ ਕਦਰਾ ਕੀਮਤਾ ਤੋਂ ਕੋਹਾਂ ਦੂਰ ਹਨ। ਉਸ ਸਿਖ ਦੀ ਮੈਨੂੰ ਬੇਸਬਰੀ ਨਾਲ ਢੂੰਡ ਹੈ ਜੋ ਅਸਲੀ ਖਾਲਸਾ ਹੋਵੇ। ਲੀਡਰਾ ਵਿੱਚ ਖਾਲਸਾ ਤਾ ਹੈ ਨਹੀਂ ਫਿਰ ਸਾਡੀ ਅਗਲੀ ਪੀੜ੍ਹੀ ਕੋਲੋਂ ਇਹ ਆਸ ਰਖਣੀ ਕਿ ਉਹ ਸਿੱਖ ਬਣੇ ਜਾ ਖਾਲਸਾ ਹੋਵੇ ਫਿਜ਼ੂਲ ਗੱਲ ਜਾਪਦੀ ਹੈ। ਜਿਸ ਤਰ੍ਹਾ ਸਾਡੇ ਸਿੱਖ ਲੀਡਰ ਗੱਦੀਆ ਪਿੱਛੇ ਸਾਰੇ ਸਿੱਖੀ ਅਸੂਲਾਂ ਨੂੰ ਤਿਲਾਜਲੀ ਦੇਈ ਜਾਦੇ ਨੇ ਤੇ ਸਿੱਖੀ ਕਦਰਾਂ ਕੀਮਤਾ ਦਾ ਘਾਣ ਕਰੀ ਜਾਦੇ



www.AKJ.Org

ਹਨ ? ਉਹਨਾ ਦਾ ਅਸਰ ਆਮ ਸਿੱਖਾਂ ਤੇ ਤਾ ਪਿਆ ਹੀ ਹੈ ਪਰ ਨਵੀਂ ਪੀੜ੍ਹੀ ਦਾ ਤਾਂ ਵਿਸ਼ਵਾਸ ਹੀ ਉਠ ਗਿਆ ਹੈ। ਕੋਈ ਵੀ ਸਿੱਖ ਲੀਡਰ ਇਹੋ ਜਿਹਾ ਨਹੀਂ ਜੋ ਸਿੱਖਾ ਦੇ ਵਿਸ਼ਵਾਸ਼ ਨੂੰ ਜਿੱਤ ਸਕੇ ਤੇ ਜੇ ਸਿੱਖਾਂ ਦਾ ਵਿਸ਼ਵਾਸ਼ ਨਹੀਂ ਜਿਤਿਆ ਜਾ ਸਕਦਾ ਤਾਂ ਉਹਨਾਂ ਨੂੰ ਸਿੱਖੀ ਨਾਲ ਜੋੜ ਕੇ ਰਖਣ ਵਾਲੀ ਕੇਂਦਰੀ ਸ਼ਕਤੀ ਕਿੱਥੋਂ ਆਵੇਗੀ। ਇਹੋ ਸਿੱਖੀ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ।

ਵਾਤਾਵਰਣ : ਅਜੋਕਾ ਪਰਿਵਾਰਕ ਵਾਤਾਵਰਣ ਟੁਟਦੇ ਸੰਯੁਕਤ ਪਰਿਵਾਰ ਤੇ ਘਟਦੇ ਪਰਿਵਾਰਕ ਰਿਸ਼ਤਿਆ ਦਾ ਹੈ। ਆਪਾ ਪਿਆਰਾ ਹੋ ਗਿਆ ਹੈ ਤੇ ਅਪਣਤ ਘੱਟ ਗਈ ਹੈ। "ਦੋ ਅਸੀਂ ਤੇ ਸਾਡੇ ਦੋ" ਨੇ ਪਰਿਵਾਰਾ ਦੀ ਗਿਣਤੀ ਤਿੰਨ ਜਾਂ ਵੱਧ ਤੋਂ ਵੱਧ ਚਾਰ ਬਣਾ ਦਿੱਤੀ ਹੈ, ਦੁਨਿਆਵੀ ਖਿੱਚਾ ਤੇ ਲਾਲਸਾਵਾ ਨੇ ਪੈਸੇ ਦੀ ਚਕਾਚੌਂਧ ਵਧਾ ਦਿੱਤੀ ਹੈ ਕਿ ਮਾ-ਪਿਓ ਦੋਨੋਂ ਹੀ ਕਮਾਈ ਵਿਚ ਇੰਨਾ ਜੁੱਟ ਜਾਂਦੇ ਹਨ ਕਿ ਉਹਨਾ ਨੂੰ ਆਪਣੇ ਬਚਿਆਂ ਨਾਲ ਗੱਲ ਕਰਨ ਦਾ ਸਮਾਂ ਘੱਟ ਹੀ ਮਿਲਦਾ ਹੈ। ਦਾਦਾ ਦਾਦੀ ਦੀਆ ਕਹਾਣੀਆ ਕਥਾਵਾ ਦਾ ਜ਼ਮਾਨਾ ਬੀਤੇ ਦਾ ਯੁੱਗ ਹੋ ਗਿਆ ਹੈ। ਸਕੂਲਾਂ ਵਿਚ ਵੀ ਪੱਛਮੀ-ਪਧਤੀ ਤੇ ਧਾਰਮਿਕ ਰਹਿਤ ਸਿੱਖਿਆ ਦਾ ਬੋਲਬਾਲਾ ਹੈ। ਬੱਚਿਆ ਨੂੰ ਸਿੱਖੀ ਨਾਲ ਜੋੜੇ ਤਾਂ ਕੌਣ ਜੋੜੇ? ਮੈਨੂੰ ਯਾਦ ਹੈ– ਜਦੋ ਅਸੀ ਦੂਜੀ–ਤੀਜੀ ਵਿਚ ਪੜ੍ਹਦੇ ਹੁੰਦੇ ਸਾ ਤਾ ਸਾਡੀ ਦਾਦੀ ਸਾਨੂੰ ਜਪੁਜੀ ਸਾਹਿਬ ਸਿਖਾਉਂਦੀ ਸੀ ਤੇ ਫਿਰ ਜਪੁਜੀ ਸਾਹਿਬ ਜ਼ੁਬਾਨੀ ਕਰਾਉਣ ਦੇ ਮੁਕਾਬਲੇ ਕਰਾਉਂਦੀ ਸੀ ਤੇ ਇਨਾਮ ਵੀ ਦਿੰਦੀ ਸੀ। ਰਾਤਾਂ ਨੂੰ ਬਾਤਾ ਸੁਣਾਉਂਦੀ ਤਾ ਗੁਰੂ ਸਾਹਿਬਾਨਾ ਤੇ ਸਾਹਿਬਜ਼ਾਦਿਆ ਦੀ ਸ਼ਹੀਦੀ ਦਾ ਇਤਿਹਾਸ ਸਾਡੇ ਦਿਮਾਗ ਵਿਚ ਹੌਲੀ ਹੌਲੀ ਕਰਕੇ ਉਤਰਦਾ ਜਾਂਦਾ। ਅੱਜਕੱਲ ਤਾਂ ਬੱਚਿਆ ਨੂੰ ਇਸ ਤਰ੍ਹਾ ਸਿਖਾਉਣ ਪੜ੍ਹਾਉਣ ਵਾਲਾ ਕੋਈ ਨਹੀਂ। ਸਿੱਖੀ ਰਹੁ ਰੀਤਾਂ ਨੂੰ ਪੂਰੀ ਤਰ੍ਹਾਂ ਪਾਲਣ ਵਾਲੇ ਵੀ ਬਹੁਤ ਘੱਟ ਮਿਲਦੇ ਹਨ। ਖਾਲਸੇ ਦੇ ਤਿੰਨ- ਸੌ - ਸਾਲਾ ਦਿਵਸ ਤੇ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਤਾਂ ਭਾਵੇਂ ਵੱਧ ਗਈ ਪਰ ਅੰਮ੍ਰਿਤ ਨਿਭਾਉਣ ਵਾਲੇ ਬਹੁਤ ਥੋੜ੍ਹੇ ਹੀ ਰਹਿ ਗਏ ਹਨ। ਦਫਤਰਾ ਵਿਚ ਪੱਛਮੀ ਸਟਾਈਲ ਬਸਤਰ ਪਹਿਨਣਾ ਤਾ ਇਕ ਤਰ੍ਹਾਂ ਨਾਲ ਲਾਜ਼ਮੀ ਹੋ ਗਿਆ ਹੈ ਜਿਸ ਨੂੰ ਪਹਿਨਣ ਵਾਲੇ ਪੰਜ-ਕਕਾਰ ਰਹਿਤ ਬਣਾਈ ਰੱਖਣ ਵਿਚ ਬੜ੍ਹੀ ਔਖ ਮਹਿਸੂਸ ਕਰਦੇ ਹਨ। ਕਈ ਨਿਸ਼ਾਨੀ ਵਜੋਂ ਛੋਟੀ ਕਿਰਪਾਨ ਪਹਿਨ ਲੈਂਦੇ ਹਨ। ਘਰਾ ਵਿਚ ਵੀ ਫਿਰ ਉਹੀ ਰੀਤ ਚਲ ਪੈਂਦੀ ਹੈ। ਬਚਿਆਂ ਦੇ ਸਾਥੀ ਵੀ ਅੱਜ ਕੱਲ ਜਿਆਦਾਤਰ ਉਨ੍ਹਾਂ ਜਿਹੇ ਹੀ ਹਨ। ਫਿਲਮਾਂ ਟੀਵੀ ਆਦਿ ਨੇ ਜੋ ਹੀਰੋ ਬਣਨ ਦਾ ਸ਼ੌਕ ਬਚਿਆ ਵਿਚ ਫੈਲਾਇਆ ਹੈ ਉਸਦਾ ਸਿੱਧਾ ਅਸਰ ਸਿੱਖੀ ਦੀਆ ਕਦਰਾ ਕੀਮਤਾ ਤੇ ਪਿਆ ਹੈ ਤੇ ਕੇਸ ਕੁਰਬਾਨ ਕਰ ਦਿੱਤੇ ਹਨ। ਮਾ ਬਾਪ ਕੋਲ ਉਨ੍ਹਾ ਨੂੰ ਰੋਕਣ-ਟੋਕਣ-ਮਨਾਉਣ ਜੋਗਾ ਸਮਾਂ ਹੀ ਨਹੀਂ। ਉਹ ਆਖਦੇ ਹਨ "ਜੋ ਕਰਨਾ ਹੈ ਸੋ ਕਰ ਪਰ ਮੈਨੂੰ ਨਾ ਆਖੀਂ।" ਉਹ ਤਾਂ ਹੀ ਆਖੇ ਗਾ ਜੇ ਉਸਨੂੰ ਕੋਈ ਸਮਝਾਇਗਾ ਕਿ "ਕਾਕਾ ਤੂੰ ਇਹ ਬਹੁਤ ਵੱਡੀ ਗਲਤੀ ਕੀਤੀ ਹੈ।" ਸਕੂਲਾ ਵਿਚ ਅਧਿਆਪਕ ਤਾਂ ਸੈਕੂਲਰ ਹੁੰਦੇ ਹਨ। ਉਹਨਾ ਨੂੰ ਕੋਈ ਸਰੋਕਾਰ ਨਹੀ ਕਿ ਕਈ ਕੇਸ ਰੱਖਦਾ ਹੈ ਜਾਂ ਕਟਵਾਉਂਦਾ ਹੈ। ਸਿੱਖੀ ਪ੍ਰਤੀ ਉਹਨਾ ਦਾ ਲਗਾਓ ਨਾ-ਮਾਤਰ ਹੀ ਹੈ। ਕਿਉਂਕਿ ਜੋ ਸਿੱਖਿਆ ਉਹਨਾ ਨੂੰ ਮਿਲੀ ਹੈ ਉਸ ਵਿਚ ਸਿੱਖੀ ਕਦਰਾਂ ਕੀਮਤਾ ਦੀ ਕੋਈ ਥਾ ਨਹੀਂ। ਉਹੀ ਸਿੱਖਿਆ ਉਹ ਅੱਗੇ ਦਿੰਦੇ ਹਨ। ਮੈਨੂੰ ਯਾਦ ਹੈ ਪੰਜਾਬ ਸਕੂਲ ਸਿਖਿਆ ਬੋਰਡ ਤੇ ਬੋਲਬਾਲਾ ਕਮਿਊਨਿਸਟ–ਪੱਖੀ ਪ੍ਰਬੰਧਕਾ ਦਾ ਰਿਹਾ ਹੈ, ਜਿਨ੍ਹਾਂ ਨੇ ਪਾਠ ਪੁਸਤਕਾਂ ਨੂੰ ਬੜ੍ਹੇ ਤਰੀਕੇ ਨਾਲ, ਪ੍ਰਤੀਬੱਧਤਾ ਨਾਲ ਬਦਲਿਆ ਹੈ ਕਿ ਉਸ ਵਿਚੋ ਸਿੱਖੀ ਦੀ ਕੋਈ ਸਾਣ ਨਾ ਚੜ੍ਹੇ। ਸਰਕਾਰ ਨੇ ਤਾਂ ਖੁਦ ਯੂਨੀਵਰਸਿਟੀਆਂ ਤੇ ਹੋਰ ਅਧਿਆਪਕ ਸੰਸਥਾਵਾ ਵਿਚ, ਕਮਿਊਨਿਸਟ ਧਾਰਾਵਾਂ ਵਾਲੇ ਉਚ ਸਥਾਨ ਤੇ ਥਾਪੇ ਹਨ ਜਿਨ੍ਹਾ ਨੇ ਸਾਡੀ ਸਿੱਖੀ ਧਾਰਨਾ ਨੂੰ ਸੋਚ-ਸਮਝ-ਕੇ ਢਾਹ ਲਾਈ ਹੈ।

ਘਰਾਂ ਤੇ ਸਕੂਲਾਂ–ਕਾਲਜਾਂ ਵਿਚ ਸਿੱਖੀ ਵਾਤਾਵਰਣ ਦੀ ਘਾਟ ਨੂੰ ਸਾਡੇ ਗੁਰਦੁਆਰੇ ਤੇ ਧਾਰਮਿਕ ਪ੍ਰਚਾਰਕ ਦੂਰ ਕਰ ਸਕਦੇ ਹਨ। ਪਰ ਸਾਡਾ ਗੁਰਦੁਆਰਾ ਪ੍ਰਬੰਧ ਤੇ ਪਰਚਾਰਕ ਵੀ ਜ਼ਿਆਦਾਤਰ ਮਾਇਆ ਨਾਲ ਮੋਹੇ ਹਨ। ਉਹ ਕੀਰਤਨ ਤੇ ਵਿਆਖਿਆ ਕਰਦੇ ਸਮੇਂ ਜ਼ਿਆਦਾਤਰ ਇਹੋ ਧਿਆਨ ਰੱਖਦੇ ਹਨ ਕਿ ਉਹੋ ਕੁਝ ਕਹਿਣ ਜਾ ਗਾਉਣ ਜਿਸ ਨਾਲ ਉਹਨਾ ਨੂੰ ਜ਼ਿਆਦਾ ਤੋਂ ਜ਼ਿਆਦਾ ਮਾਇਆ ਮਿਲੇ। ਮਿਸ਼ਨਰੀ ਸਿੱਖ ਤਾ ਨਾ-ਮਾਤਰ ਹੀ ਹੁੰਦੇ ਹਨ। ਜੇ ਹਨ ਤਾਂ ਉਹ ਵੀ ਕਿਧਰੇ ਸ਼ਹਿਰਾ ਵਿਚ, ਪਿੰਡਾ ਵਿਚ, ਇਹਨਾ


www.AKJ.Org

ਨੂੰ ਕਿਧਰੇ ਦੇਖਣ ਸੁਨਣ ਦਾ ਅਵਸਰ ਮਿਲਿਆ ਨਹੀਂ। ਮੈਨੂੰ ਯਾਦ ਹੈ ਕਿ ਬਚਪਨ ਵਿਚ ਸਾਡੇ ਪਿੰਡ ਵਿਚ ਇਕ ਅਕਾਲੀ ਤਾਇਆ ਹੁੰਦਾ ਸੀ ਜਿਸਨੇਹਰ ਸੰਗ੍ਰਾਂਦ,ਗੁਰਪੁਰਬ ਉੱਤੇ ਬੜ੍ਹਾ ਪਿਆਰਾ ਧਾਰਮਿਕ ਵਖਿਆਨ ਦੇਣਾ ਤੇ ਸਿੱਖ ਇਤਿਹਾਸ ਬੜ੍ਹੇ ਪਿਆਰੇ ਢੰਗ ਨਾਲ ਸੁਨਾਉਣਾ ਜਿਸ ਸਦਕਾ ਸਾਡਾ ਸਾਰਾ ਪਿੰਡ ਸਿੱਖੀ ਨਾਲ ਜੁੜ੍ਹ ਗਿਆ ਸੀ। ਉਸਨੇ ਬੜ੍ਹੇ ਪਿਆਰੇ ਢੰਗ ਨਾਲ ਸਾਰੇ ਬੱਚਿਆਂ ਨੂੰ ਸਿੱਖੀ ਨਾਲ ਜੁੜ੍ਹੇ ਰਹਿਣ ਲਈ ਕਹਿੰਦੇ ਰਹਿਣਾ। ਇਹੋ ਜਿਹੇ ਸਿੱਖੀ ਨਾਲ ਜੁੜ੍ਹੇ ਰਹਿਣ ਵਾਲੇ ਤੇ ਸਿੱਖੀ ਪ੍ਰਚਾਰਕ ਅੱਜਕੱਲ ਨਜ਼ਰ ਨਹੀਂ ਆਉਂਦੇ ਜਿਨ੍ਹਾਂ ਦਾ ਖਾਣਾ-ਪੀਣਾ, ਉਠਣਾ ਬਹਿਣਾ, ਜੀਣਾ, ਰਹਿਣਾ, ਬੋਲਣਾ ਚਾਲਣਾ ਸਭ ਸਿੱਖੀ ਹੋਵੇ ਤੇ ਸਿੱਖੀ ਲਈ ਹੀ ਹੋਵੇ; ਜੋ ਆਪ ਉਦਾਹਰਣ ਹੋਣ ਜਿਉਂਦੀ ਜਾਗਦੀ ਸਿੱਖੀ ਦੀ ਤੇ ਜਿਨ੍ਹਾਂ ਨੂੰ ਅਸੀ ਖਾਲਸਾ ਕਹਿਣ ਦਾ ਮਾਣ ਪ੍ਰਾਪਤ ਕਰ ਸਕੀਏ। ਅਜਕਲ ਜੋ ਵੀ ਪ੍ਰਚਾਰਕ ਹਨ ਉਹ ਬਹੁਤਾ ਆਪਣੇ ਗੁਣ ਗਾਉਣਗੇ ਤੇ ਜਾ ਫਿਰ ਪੌਂਡਾ-ਡਾਲਰਾ ਪਿੱਛੇ ਅਮਰੀਕਾ, ਇੰਗਲੈਂਡ ਘੁੰਮਦੇ ਮਿਲਣਗੇ। ਬਾਬਾ ਕਿਸਮ ਦੇ ਲੋਕ ਤਾ ਪ੍ਰਚਾਰ ਨੂੰ ਮਾਇਆ ਇੱਕਠੀ ਕਰਨ ਤੇ ਆਪਣੇ ਵੱਡੇ ਵੱਡੇ ਠਾਠ ਬਨਾਉਣ ਦਾ ਧੰਦਾ ਬਣਾਈ ਬੈਠੇ ਹਨ। ਕਈ ਬਾਬਿਆ ਨੂੰ ਭਵਨ ਉਸਾਰਨ ਦਾ ਸ਼ੌਕ ਹੈ ਤੇ ਗੁਰਦੁਆਰਿਆਂ ਵਿਚ ਵੱਡੇ ਵੱਡੇ ਭਵਨ ਉਸਾਰ ਕੇ ਸਿੱਖੀ ਦੀਆਂ ਨਿਸ਼ਾਨੀਆਂ ਦੱਬੀ ਜਾਂਦੇ ਹਨ। ਸਿੱਖੀ ਫਿਰ ਉਗੇਗੀ ਤਾਂ ਕਿਵੇਂ ਤੇ ਵਧੇਗੀ ਤਾਂ ਕਿਵੇਂ। ਵਾਤਾਵਰਣ ਹੀ ਸਾਰਾ ਉਲਟ ਹੈ। (ਚਲਦਾ)

(ਪੰਨਾ ੨੩ ਦਾ ਬਾਕੀ ....) ਕਿਸੇ ਨੂੰ ਕੀ ਦੇਊ। ਨਿਗੁਰੇ ਦਾ ਤਾਂ ਨਾਮ ਹੀ ਬੁਰਾ ਦੱਸਿਆ ਹੈ ਗੁਰਬਾਣੀ ਵਿੱਚ। ਸਾਨੂੰ ਸਭ ਨੂੰ ਖੰਡੇ-ਬਾਟੇ' ਦੀ ਪਾਹੁਲ, ਭਾਵ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣਨਾ ਲੋੜੀਏ ਤਾਂ ਹੀ ਅਸੀਂ ਗੁਰੂ ਦੇ ਸਿੱਖ ਅਖਵਾ ਸਕਦੇ ਹਾਂ। ਨਹੀਂ ਤਾ ਕੇਵਲ ਨਕਲੀ ਸਿੱਖ ਹੀ ਰਹਾਂਗੇ। ਨਕਲੀ ਚੀਜ਼, ਤੂੰ ਸਿਆਣੀ ਏਂ, ਕੋਈ ਵੀ ਨਹੀਂ ਲੈ ਕੇ ਰਾਜ਼ੀ। ਫਿਰ ਗੁਰੂ ਸਾਨੂੰ ਢੋਈ ਕਿੱਥੋਂ ਦੇਊ।

ਫ਼ੋਜਣ ਬੇਹੱਦ ਸ਼ਰਮਿੰਦੀ ਹੋਈ ਨੀਵੀਂ ਪਾਈ ਬੈਠੀ ਸੀ। ਖਰੀਆਂ-ਖਰੀਆ ਅਤੇ ਸੱਚੀਆ-ਸੱਚੀਆ ਆਪਣੀ ਸਹੇਲੀ ਦੀਆਂ ਸੁਣ ਕੇ, ਆਪਣੇ ਆਪ ਨੂੰ ਧਿਰਕਾਰਾਂ ਪਾ ਰਹੀ ਸੀ। ਹੌਂਸਲਾ ਕਰਕੇ ਕਹਿਣ ਲੱਗੀ, ਭੈਣੇ, ਆਪ ਦਾ ਬਹੁਤ ਸ਼ੁਕਰ। ਤੂੰ ਨੇ ਤੇ ਮੇਰੇ ਕਪਾਟ ਹੀ ਖੋਲ੍ਹ ਦੀਏ। ਮੈਂ ਤੇ ਹੁਣ ਤੱਕ ਭੁੱਲੀ ਹੀ ਰਹੀ। ਆਪਣੇ ਬੱਚਿਆ ਕੋ ਕਦੇ ਨਹੀਂ ਹੋੜਿਆ। ਫ਼ੌਜੀ ਕੋ ਤੋਂ ਕਹਿਣਾ ਹੀ ਕੀ ਸੀ ? ਅੱਜ ਸੇ ਮੈਂ ਐਸੇ ਹੀ ਕਰੂੰਗੀ। ਜੋ ਤੂੰਨੇ ਦੱਸਿਆ ਹੈ। ਭੈਣੇ ਤੂੰ ਵੀ ਕਭੀ ਆ ਕੇ ਫ਼ੌਜੀ ਨੂੰ ਔਰ ਬੱਚਿਆ ਕੋ ਮੱਤ ਦੇਈਂ। ਮੇਰਾ ਤਾਂ ਮਨ ਅਭੀ ਬਣ ਗਿਆ ਹੈ ਅੰਮ੍ਰਿਤ ਛੱਕਨੇ ਕੋ। ਫ਼ੌਜੀ ਕੋ ਵੀ ਕਹੂੰਗੀ। ਤੂੰ ਵੀ ਕਭੀ ਆ ਕੀ ਸਮਝਾਈ, ਉਸ ਕੋ।

ਗੁਰੂ ਸਵਾਰੀ ਬੀਬੀ ਦੀਆ ਸ਼ੁਕਰਾਨੇ ਵਿੱਚ ਅੱਖਾ ਮੁੰਦ ਗਈਆਂ। ਮੂੰਹੋਂ ਕਹਿ ਰਹੀ ਸੀ, ਹੇ ਗੁਰੂ ! ਬੀਬੀ ਦੀ ਬਦਲੀ ਤਰੰਗ ਅਤੇ ਘਾਲਣਾ ਦੀ ਲਾਜ ਰੱਖੀ। ਇਸ ਪ੍ਰਵਾਰ ਨੂੰ ਹੀ ਨਹੀਂ, ਸਭਨਾ ਕੁਰਾਹੀਆ ਨੂੰ ਆਪਣੇ ਬਣਾ ਲੈ। ਸਾਨੂੰ ਸਭ ਨੂੰ ਆਪਣੇ ਪ੍ਰਾਣਾਂ ਤੋਂ ਵੀ ਪਿਆਰਾ 'ਖਾਲਸਾ ਸਰੂਪ'' ਬਖਸ਼ ਜਿਸ ਵਿਚੋਂ ਤੇਰੇ ਦੀਦਾਰੇ ਹੁੰਦੇ ਰਹਿਣ। ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ......। (ਸਿੱਖ ਮਿਸ਼ਨਰੀ ਕਾਲਜ ਤੋਂ ਧੰਨਵਾਦ ਸਹਿਤ)

(Cont. from page 34 ..)

not a gangster. Nobody can be gangster who has absorbed the teachings of Baba Nanak. Even Guru Gobind Singh, who created the *Khalsa* enjoined them that the *Khalsa* can fight only in righteous causes.

............Now we do something radical. Government and people should go out of their way to befriend the Sikhs by all possible means, including the incorporation of a special chapter in the constitution, giving the Sikh people a special palce in India's political system, and Sikhism a position of honour and respect."

Sikh is India's industrious, brave and hardworking son. His every problem should be solved with sincerity and far-sighted-ness. Sikh's future should not be obscured, because his future is India's future. He will live and die for India come what may happen.



www.AKJ.Org

# Glorious Past of Siks

(S. Sarup Singh Alag)

Guru Gobind Singh, on 30th March 1699, the day of Baisakhi at the holy land of Anandpur Sahib, did a wonderful miracle by creating khalsa whose splendour, courge, bravery and benevolence were the astonished for the whole world. The sparrows started crushing and crumpling the hawks. Those foreign oppressors from Kabul and Kandhar who used to attack India whenever they wished to, and destroy the health, wealth honour of the innocent Indians, could not with stand the radiance and splendour of *Khalsa*. To them India became the land of burliest Sikh people strong enough to subdue the nefarious designs of alien intruders once for all. So they had to bury all their dreams and aspirations of looting India once for all. Inside the country also, the brave *Singh* warrious stopped the atrocities of the Mughal Kingdom and due to their great struggle, the said empire crumbled down and met its ignoble end. Thus the majority of Hindu population of India was able to breathe freely once again on its own soil.

*Singhs* following the foot-steps of Gurus and absorbing themselves into the coherence of *'Bhakti and Shakti'* ie. meditation and dynamic power, hoisted the *'Kesri Nishan'* or saffron flag at the fort of Jamrod at one end of the kingdom under the command of Maharaja Ranjit Singh and earlier under the leadership of S. Baghel Singh at Red Fort of Delhi at the other, and proved to the world that Guru's sayings have such prophetic power, which can convert the raw clay into strong steel.

When the struggle for for pushing Britishers out of the country started, then too the *Singhs* first ones in the related activities and the maximum number of martyrs were from the Sikh religion. **Although Sikhs were only about 2% of the total population, their sacrifices for the freedom struggle amounted to 70% of the aggregate. The number of families who were martyred or uprooted at the time of partition numbered to hundreds of thousands. For the sake of freedom of this country, these freedom lover people sarificed their excellent lands, flourshing busineesses or status jobs and even their priceless Gurdwaras but did not let the self respect of India suffer.** According to the statistics prepared by Muslim leader of Nehru fame, Maulana Azad, 4771 Indians were martyred in the freedom struggle of India out of which 3697 were Sikh alone. These martyredoms were not done under any pressure or compulsion, but were purely voluntary. In 1872, at Malerkotla and Ludhiana 66 *Kuke Singhs* happily sacrificed their lives by standing in front of the guns to save the precious values so dear to the Indian society and thue blew the bugle of the country's freedom. Until the country achieved its freedom, Sikhs did not let the British Government rest, and unending blood of supreme sacrifices compelled the British rulers to leave the country and as a result Indian's tricolour national flag was hoisted on the Red Fort on 15th August, 1947. During the wave of freedom movement, different national leaders of the Congress of that time did not hesitate praising the role of Sikhs for sacrificing their lives more than others, flighting with boldness, bravery and keeping themselves within the limits of non-violence. Mahatma Gandhi praised their tolerance displayed during the *'Darbar Sahib'*s keys movement'. Motilal Nehru and Jawahar Lal Nehru praised Sikhs for tolerating the the disgusting atrocities of the British Government with patience and contentment,



www.AKJ.Org

during the *Guru Ka Bagh* and Jaito movements, and called them the first rate patriots or *'Deshbhakt'*. During the 1929 Congress session at the bank of Ravi at Lahore, a resolution was passed which carried these words," **The Congress party confirms to the Sikhs nation that in the free India there won't be any constitution that would not be acceptable to the Sikh nation."**

Before the freedom of India, and to win the confidence of Sikhs, Mahatma Gandhi talked about fulfilling the promises made to Sikhs in the congregation at *'Sisganj Gurdwara'* in Delhi and said,"My Sikh Brothers ! I request you to please believe me and the resolutions passed by the Congress party. What to think of deceiving your entire nation, we cannot even think to deceive any single one of you. If ever the Congress party tries to do that, believe me it will call to its own destruction. It is my earnest request to you that please take these doubts and suspicions out of your mind. I say this in the presence of God that all the promises which I and the Congress party have made will be fulfilled at any cost. I believe that Congress's belief in the non-violence is the firm guarantee of its promises. Apart from this, the Sikhs are a brave nation and they know how to defend their own rights by using the *Kirpan (Sword)* Which is the part of their code of conduct and dress."

Similar thoughts were expressed by Pandit Jawahar Lal Nehru at a conference held in July 1946 at Calcutta. He Said, " Panjab's brave Sikh nation has a special importance. In my opinion none of us should have any objection that after achieving the freedom, if a separate arrangement and area should be reserved in the north-west India for the Sikh nation where the Sikhs could also enjoy the glow of freedom." On the other side the leader of Muslim League Mr. Jinnah, alongwith Britishers was trying to put forward proposals to break away Sikhs from Hindus, but in te interest of the unity of the country the Sikhs did not accept those proposals. Due to this attitude of Sikhs, Jinnah once sarcastically said about the Sikhs, "On the one hand they claim to be a separate nation but on the other hand they are following the Hindus like a tale and want to join them to finish off Muslims, I commend these Sikh leaders ." (ref. page 26of the book *"Sikh Qaum da Shander Vrse"* (meaning the glorious Heritage of Sikh nation). In 1947 the country achieved its freedom but the promises made to the Sikhs were not fully fulfilled. They started movements number of times for the redressal of their grievances but whenever there was a danger to India from the outside attacks, the Sikhs were the first ones to defend the country and were out on the battlefield. During the war with China in 1962 and the Indo-Pak wars of 1948, 1965 and 1971, they scattered and shattered the filthy intentions of enemies and saved honour of the country and enchanced its glory. But even after doing so much for the country, they were not the satisfactorily rewarded. There is a need to find out the reason for it and in the real sense the Sikh psyche needs to be studied so that this brave nation could reamain engaged in the important endeavour of producing and filling the large food grain stores and also defending the country. Acharya Rajnesh has rightly said : " If due to the dissatisfaction or some other reasons the sword of Sikhs gets rusted then it will create a disastrous effect on the splendour and dignity of India.

Sh. D. H. Bhutani thrashing Sikh problem from many angles writes on pages 129 of his book 'The Third Sikh War' as under : " This is how the Sikhs developed as a martial race and they remain a martial race. This is the recognition they need and must be given. There is nothing to fear. We can only gain: there is nothing to lose, because Sikh is a fighter

(Continues at Page 32...)



www.AKJ.Org

# ਮਾਰਚ ਮਹੀਨੇ ਦੇ ਕੁੱਝ ਮਹੱਤਵਪੂਰਨ ਇਤਿਹਾਸਕ ਦਿਹਾੜੇ

ਮਾਰਚ ੨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ ਜੋਤ ਸਮਾਏ ੧੬੪੪ ਈ.)।

ਮਾਰਚ ੩ ਗੁਰਗੱਦੀ ਦਿਵਸ ਸ੍ਰੀ ਹਰਿ ਰਾਏ ਸਾਹਿਬ ਜੀ

ਮਾਰਚ ੫ (ੳ) ੧੭੧੬ ਈ: ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ੭੦੦ ਤੋਂ ਵੱਧ ਸਾਥੀਆ ਦਾ ਸੌ-ਸੌ ਦੇ ਜਥਿਆਂ ਦਾ ਦਿੱਲੀ ਵਿਖੇ ਕਤਲ ਆਰੰਭ ਹੋਇਆ ਤੇ ੧੧ ਮਾਰਚ ਤਕ ਜਾਰੀ ਰਿਹਾ। ਬਾਬਾ ਜੀ ਦੇ ਸਾਰੇ ਹੀ ਸਾਥੀ ਬੇਰਹਿਮੀ ਨਾਲ ਇਕ ਹਫ਼ਤੇ ਵਿਚ ਕਤਲ ਕੀਤੇ ਗਏ, ਪਰ ਕਿਸੇ ਸਿੰਘ ਨੇ ਇਸਲਾਮ ਕਬੂਲ ਨਾ ਕੀਤਾ ਅਤੇ ਸਨਮੁੱਖ ਰਹਿ ਸ਼ਹੀਦੀਆਂ ਪਾਈਆ।
(ਅ) ੧੯੯੨ ਈ: ਵਿਚ ਅੰਮ੍ਰਿਤਸਰ ਦੇ ਸ਼੍ਰੋਮਣੀ ਵਿਦਿਅਕ ਆਸ਼ਰਮ ਖਾਲਸਾ ਕਾਲਜ ਦੀ ਨੀਂਹ ਰੱਖੀ ਗਈ।

ਮਾਰਚ ੯ ਦਲ ਖਾਲਸਾ ਨੇ ਦਿੱਲੀ ਉਤੇ ੧੭੮੭ ਈ: ਵਿਚ ਧਾਵਾ ਕਰ ਕਬਜ਼ਾ ਕੀਤਾ ਅਤੇ ਸੀਸ ਗੰਜ, ਰਕਾਬ ਗੰਜ ਸਮੇਤ ਕਈ ਹੋਰ ਗੁਰਦੁਆਰੇ ਬਣਵਾਏ।

ਮਾਰਚ ੧੧ ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਸ: ਬਘੇਲ ਸਿੰਘ ਦੀ ਅਗਵਾਈ ਹੇਠ ਦਲ ਖਾਲਸਾ ਨੇ ਦਿੱਲੀ ਵਿਚ ਪਰਵੇਸ਼ ਕੀਤਾ ਅਤੇ ਲਾਲ ਕਿਲ੍ਹੇ ਨੂੰ ਆਪਣੇ ਅਧੀਨ ਕਰ ਲਿਆ। ਸਿੱਖ ਦੀਵਾਨੇ-ਆਮ ਵਿਚ ਦਾਖ਼ਲ ਹੋਏ। ਖੁਸ਼ੀ ਅਤੇ ਜੋਸ਼ ਦੇ ਮਾਹੌਲ ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਤਖ਼ਤੇ-ਤਾਊਸ 'ਤੇ ਵੀ ਆਸਨੀਤ ਹੋਏ (੧੭੮੭ ਈ:)।

ਮਾਰਚ ੧੩ ਸ਼ਹੀਦ ਊਧਮ ਸਿੰਘ ਨੇ ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੇ ਜ਼ਿੰਮੇਵਾਰ ਪੰਜਾਬ ਦੇ ਗਵਰਨਰ ਮਾਇਕਲ ਓਡਵਾਇਰ ਨੂੰ ਮਾਰ ਆਪਣਾ ਪ੍ਰਣ ਨਿਭਾਇਆ। ਉਹ ਉਸ ਵੇਲੇ ਲੰਡਨ ਵਿਖੇ ਕੈਕਸਟਨ ਹਾਲ ਵਿਚ ਇਕ ਪਬਲਿਕ ਮੀਟਿੰਗ ਨੂੰ ਸੰਬੋਧਨ ਕਰ ਰਿਹਾ ਸੀ। (੧੯੪੦ ਈ:)।

ਮਾਰਚ ੧੪ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ੧੮੨੩ ਈ: ਨੂੰ ਨੌਸ਼ਹਿਰੇ ਨੇੜੇ ਟੀਰੀ ਦੀ ਪਹਾੜੀ 'ਤੇ ਹੋਈ। ਆਪ ਪਿੰਡ ਸੀਹਾਂ (ਇਲਾਕਾ ਬਾਂਗਰ) ਦੇ ਵਸਨੀਕ ਸਨ। ਇਨ੍ਹਾ ਦਾ ਜਨਮ ੧੭੬੧ ਈ: ਵਿਚ ਭਾਈ ਈਸ਼ਰ ਸਿੰਘ ਦੇ ਘਰ ਹੋਇਆ ਸੀ। ਸ਼ਹੀਦਾਂ ਦੀ ਮਿਸਲ ਦੇ ਸੋਢੀ ਬਾਬਾ ਨੈਣਾ ਸਿੰਘ ਜੀ ਤੋਂ ਇਨ੍ਹਾਂ ਨੇ ਅੰਮ੍ਰਿਤ ਛਕਿਆ। ਪਹਿਲਾ ਕੁਝ ਚਿਰ ਅਨੰਦਪੁਰ ਸਾਹਿਬ ਤੇ ਫੇਰ ਦਮਦਮਾ ਸਾਹਿਬ ਰਹਿ ਕੇ ਸ੍ਰੀ ਅੰਮ੍ਰਿਤਸਰ ਆਏ। ਇਥੇ ਇਨ੍ਹਾਂ ਦੀ ਯਾਦਗਾਰ ਬੁਰਜ ਅਕਾਲੀ ਫੂਲਾ ਸਿੰਘ ਪ੍ਰਸਿੱਧ ਹੈ। ਮੁਲਤਾਨ ਤੇ ਪਿਸ਼ਾਵਰ ਅਦਿ ਦੀਆ ਲੜਾਈਆ ਵਿਚ ਇਨ੍ਹਾ ਨੇ ਮਹਾਰਾਜਾ ਰਣਜੀਤ ਸਿੰਘ ਦੀ ਬੜੀ ਸਹਾਇਤਾ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾ ਦੀ ਯਾਦ ਵਿਚ ਗੁਰਦੁਆਰਾ ਸ਼ਹੀਦ-ਗੰਜ ਨੁਸ਼ਹਿਰੇ ਤੋਂ ਚਾਰ ਮੀਲ ਲੁੰਡੇ ਦਰਿਆ ਦੇ ਕੰਢੇ ਬਣਾਇਆ।

ਮਾਰਚ ੧੫ (ੳ) ਦਲ ਖਾਲਸਾ ਨੇ ਧੌਲਪੁਰ ਦੇ ਨੇੜੇ ਮਰਹੱਟਿਆਂ ਨੂੰ ਮੈਦਾਨੇ-ਜੰਗ ਵਿਚ ੧੭੬੬ ਈ: ਵਿਚ ਹਾਰ ਦਿੱਤੀ।
(ਅ) ਬੀਬੀ ਸਾਹਿਬ ਕੌਰ ਦੀ ਅਗਵਾਈ ਹੇਠ ਪਟਿਆਲਾ ਰਿਆਸਤ ਦੀਆ ਫ਼ੌਜਾ ਨੇ ਅੰਬਾਲਾ ਦੇ ਨੇੜੇ ਮਰਹੱਟਿਆਂ ਨੂੰ ਹਾਰ ਦਿੱਤੀ (੧੭੯੪ ਈ:)।

ਮਾਰਚ ੧੬ ਪੰਜਾਬ 'ਤੇ ਅੰਗਰੇਜ਼ਾ ਦਾ ਕਬਜ਼ਾ (੧੮੪੯ ਈ:)।

ਮਾਰਚ ੧੭ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਕਈ ਲੜਾਈਆਂ ਤੋਂ ਬਾਅਦ ਸਫ਼ਲਤਾ ਪਾ ਕੇ ੧੮੨੩ ਈ: ਵਿਚ ਪਿਸ਼ਾਵਰ ਵਿਖੇ ਪਹਿਲੀ ਵੇਰ ਦਾਖਲ ਹੋਏ।

ਮਾਰਚ ੨੩ ਸ: ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਫਾਂਸੀ ਚਾੜ੍ਹ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ ਅਤੇ ਰਾਤੋ-ਰਾਤ ਸਰਕਾਰ ਉਨ੍ਹਾ ਦਾ ਫ਼ਿਰੋਜ਼ਪੁਰ ਨੇੜੇ, ਸਤਲੁਜ ਦੇ ਕੰਢੇ 'ਤੇ ਦਾਹ-ਸਸਕਾਰ ਵੀ ਕਰ ਆਈ ਤਾਂ ਕਿ ਕਿਸੇ ਨੂੰ ਪਤਾ ਨਾ ਲੱਗੇ (੧੯੩੧ ਈ:)।



www.AKJ.Org

ਮਾਰਚ ੨੫ ਨਿਰੰਕਾਰੀ ਲਹਿਰ ਦੇ ਆਗੂ ਬਾਬਾ ਰੱਤਾ ਜੀ ਦਾ ਜਨਮ (੧੯੩੦ ਈ:)। ਬਾਬਾ ਦਰਬਾਰਾ ਸਿੰਘ (ਵੱਡੇ ਭਰਾ) ਤੋਂ ਬਾਅਦ ਨਿਰੰਕਾਰੀ ਲਹਿਰ ਦੀ ਵਾਗਡੋਰ ਆਪਣੇ ਹੱਥਾ ਵਿਚ ਲੈ ਕੇ ਇਨ੍ਹਾ ਨੇ ਨਾਮ-ਬਾਣੀ ਦਾ ਪ੍ਰਚਾਰ ਕੀਤਾ। ਆਪ ਦੇ ਪ੍ਰਭਾਵ ਹੇਠ ਕਈ ਗ਼ੈਰ ਸਿੱਖਾ ਨੇ ਵੀ ਅੰਮ੍ਰਿਤ-ਪਾਨ ਕੀਤਾ।

ਮਾਰਚ ੨੬ ਰਾਜਾ ਅਮਰ ਸਿੰਘ ਪਟਿਆਲਾ ਦਾ ਜਨਮ ੧੭੭੪ ਈ: ਵਿਚ ਹੋਇਆ। ਇਹ ਬੜੇ ਸਾਧੂ ਸੁਭਾਅ ਤੇ ਪਰਜਾ ਹਿਤੈਸ਼ੀ ਸਨ।

ਮਾਰਚ ੨੯ (ੳ) ਦਲ ਖਾਲਸਾ ਨੇ ੧੭੪੮ ਈ: ਦੇ ਵਿਸਾਖੀ ਵਾਲੇ ਦਿਹਾੜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖਾਂ ਦੇ ਵੱਖ ਵੱਖ ਜਥਿਆਂ ਦੀ ਗਿਣਤੀ ਘਟਾ ਕੇ ੧੨ ਕੀਤੀ।

(ਅ) ਸਿੱਖ ਰਾਜ ਦੇ ਅੰਤਮ ਮਹਾਰਾਜਾ ਦਲੀਪ ਸਿੰਘ ਤੋਂ ਅੰਗਰੇਜ਼ਾਂ ਨੇ ਤਖ਼ਤ ਖੋਹ ਲਿਆ ਅਤੇ ਉਸਨੂੰ ਜਲਾਵਤਨ ਕਰ ਦਿੱਤਾ। (੧੮੪੯ ਈ:)। ਇਹ ਸਿੱਖ ਰਾਜ ਦਾ ਅੰਤਮ ਦਿਨ ਸੀ।

(ੲ) ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ-ਜੋਤ ਸਮਾਏ (੧੫੫੨ ਈ:)।

ਮਾਰਚ ੩੦ (ੳ) ੧੭੫੬ ਬਿਕ੍ਰਮੀ (੧੬੯੯ ਈ:) ਦੀ ਵਿਸਾਖੀ ਦੇ ਦਿਹਾੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਆਪ ਵੀ ਪੰਜਾ ਪਿਆਰਿਆ ਹੱਥੋਂ ਅੰਮ੍ਰਿਤ ਛੱਕ ਕੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ।

(ਅ) ਮੁਗਲਾਂ ਦੇ ਹੱਲਿਆ ਦਾ ਟਾਕਰਾ ਕਰਨ ਵਾਸਤੇ ੧੭੪੭ ਈ: ਵਿਚ ਸ੍ਰੀ ਅੰਮ੍ਰਿਤਸਰ ਵਿਖੇ ਕਿਲ੍ਹਾ ਰਾਮ ਰਾਉਣੀ, (ਜੋ ਪਿਛੋਂ ਰਾਮਗੜ੍ਹ ਦੇ ਨਾਮ ਨਾਲ ਪ੍ਰਸਿੱਧ ਹੋਇਆ) ਦੀ ਉਸਾਰੀ ਆਰੰਭ ਕੀਤੀ। ਕਿਲ੍ਹੇ ਦੀ ਉਸਾਰੀ ਸਰਦਾਰ ਜੱਸਾ ਸਿੰਘ ਦੀ ਦੇਖ-ਰੇਖ ਹੇਠ ਹੋਣ ਕਾਰਨ ਉਨ੍ਹਾ ਨੂੰ ਰਾਮਗੜ੍ਹੀਆ ਕਿਹਾ ਜਾਣ ਲੱਗਾ।

(ੲ) ਲਾਹੌਰ ਸਾਜ਼ਸ਼ ਕੇਸ ਦਾ ਫ਼ੈਸਲਾ ੧੯੧੭ ਈ: ਵਿਚ ਹੋਇਆ।

(ਸ) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ-ਜੋਤ ਸਮਾਏ (੧੬੬੪ ਈ:)।

(ਹ) ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਗੱਦੀ 'ਤੇ ਬਿਰਾਜੇ (੧੬੬੪ਈ:)।

ਮਾਰਚ ੩੧ (ੳ) ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਪੂਰੇ ਪੰਜਾਹ ਸਾਲਾਂ ਬਾਅਦ ਪੂਰੀ ਸ਼ਰਧਾ ਤੇ ਭਾਵਨਾ ਨਾਲ ਆਰੰਭ ਹੋਈ (੧੯੭੩ ਈ:)। ਪਹਿਲੀ ਕਾਰ ਸੇਵਾ (੧੯੨੩ ਈ:) ਵਾਂਗ ਹੀ ਚਾਂਦੀ ਦੇ ਬਾਟਿਆਂ ਤੇ ਸੋਨੇ ਦੀਆਂ ਕਹੀਆ ਨਾਲ ਪੰਜ ਪਿਆਰਿਆਂ ਨੇ ਪਾਵਨ ਸਰੋਵਰ ਵਿਚੋਂ ਗਾਰ ਕੱਢਣੀ ਆਰੰਭ ਕੀਤੀ।

(ਅ) ਪ੍ਰਕਾਸ਼ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ (੧੫੦੪ ਈ:)।


"ਸੂਰਾ ਮਾਸਿਕ ਪੱਤਰ ਦੀ ਮਾਲਕੀ ਆਦਿ ਤਥਾਂ ਦਾ ਵੇਰਵਾ ਫਾਰਮ ੪ (ਰੂਲ ੮)

੧. ਪ੍ਰਕਾਸ਼ਨ ਅਸਥਾਨ ................................................ ਲੁਧਿਆਣਾ

੨. ਪ੍ਰਕਾਸ਼ਨ ਸਮਾਂ ................................................ ਮਾਸਕ ਪੱਤਰ

੩.੪.੫. ਪ੍ਰਿੰਟਰ ਪਬਲਿਸ਼ਰ ਸੰਪਾਦਕ........................................ ਹਰਬੰਸ ਸਿੰਘ, ਭਾਰਤੀ

੬. ਮਾਲਕ................................................................ ਅਖੰਡ ਕੀਰਤਨੀ ਜੱਥਾ

ਜੱਥੇਦਾਰ ਭਾਈ ਰਾਮ ਸਿੰਘ ਜੀ, ੧੦੨, ਰਾਣੀ ਦਾ ਬਾਗ, ਅੰਮ੍ਰਿਤਸਰ।

ਮੈਂ ਹਰਬੰਸ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ। ਹਰਬੰਸ ਸਿੰਘ

ਤਾਰੀਖ 1.3.2001 ਦਸਖ਼ਤ





www.AKJ.Org

# ਗੁਰਬਾਣੀ ਸੰਗੀਤ

(ਪ੍ਰੋ: ਕਰਤਾਰ ਸਿੰਘ ਜੀ ਲੁਧਿਆਣਾ)

## ਰਾਗੁ ਬਿਲਾਵਲ

ਪਰੀਚੈ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾ ਦੀ ਤਰਤੀਬ ਵਿਚ ਬਿਲਾਵਲੁ ਰਾਗੁ ਨੂੰ ੧੬ਵਾਂ ਸਥਾਨ ਪ੍ਰਾਪਤ ਹੈ।

"ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ" (ਸਲੋਕ ਮ: ੪, ੮੪੯)

"ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ।" (ਸਲੋਕ ੩, ੮੪੯)।

| | | | | | |
|---|---|---|---|---|---|
| ਰਾਗੁ | - | ਬਿਲਾਵਲੁ | ਥਾਟ | - | ਬਿਲਾਵਲ |
| ਸਵਰ | - | ਸਾਰੇ ਸ਼ੁੱਧ | ਵਰਜਿਤ ਸਵਰ | - | ਕੋਈ ਨਹੀਂ |
| ਜਾਤੀ | - | ਸੰਪੂਰਨ-ਸੰਪੂਰਨ | ਵਾਦੀ | - | ਧੈਵਤ |
| ਸੰਵਾਦੀ | - | ਗੰਧਾਰ | ਸਮਾ | - | ਦਿਨ ਦਾ ਦੂਜਾ ਪਹਿਰ |
| ਆਰੋਹ | - | ਸ ਰ ਗ, ਮ ਪ, ਧ, ਨ ਸ | ਅਵਰੋਹ | - | ਸ ਨ ਧ ਪ, ਮ ਗ ਰ, ਸ |
| ਮੁਖ ਅੰਗ | - | ਗ ਰ, ਗ ਪ ਧ ਪ ਮ ਗ, ਮ ਰ ਸ | | | |

ਰਾਗੁ ਬਿਲਾਵਲੁ ਮਹਲਾ ੫ ਘਰੁ ਦੁਪਦੇ॥ ੧ੴ ਸਤਿਗੁਰ ਪ੍ਰਸਾਦਿ॥(੮੦੬)

ਕਵਨ ਸੰਜੋਗ ਮਿਲਉ ਪ੍ਰਭ ਅਪਨੇ॥ ਪਲੁ ਪਲੁ ਨਿਮਖ ਸਦਾ ਹਰਿ ਜਪਨੇ॥੧॥

ਚਰਨ ਕਮਲ ਪ੍ਰਭ ਕੇ ਨਿਤ ਧਿਆਵਉ॥ ਕਵਨ ਸੁ ਮਤਿ ਜਿਤੁ ਪ੍ਰੀਤਮੁ ਪਾਵਉ॥੧॥ਰਹਾਉ॥

ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ॥ ਹਰਿ ਨਾਨਕ ਬਿਸਰੁ ਨ ਕਾਹੂ ਬੇਰੇ॥੨॥੧॥੧੯॥

ਰਾਗੁ ਬਿਲਾਵਲੁ, ਤੀਨ ਤਾਲ, ਮਾਤਰਾ -16, ਮੱਧ ਲੈਅ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | ਅਸਥਾਈ | | ਗ | ਰ | ਮ | ਗ | ਰ | ਰ | ਸ | ਸ |
| | | | | | | | | ਚ | ਰ | ਨ | ਕ | ਮ | ਲ | ਪ੍ਰ | ਭ |
| ਪ | - | ਮ | ਗ | ਧਧ | ਪ | ਮਮ | ਗ | ਗ | ਗ | ਪ | ਪ | ਧ | ਧ | ਨ | ਨ |
| ਕੇ | ੲ | ਨਿ | ਤ | ਧਿਆਂ | ੲ | ਵਉ | ੲ | ਕ | ਵ | ਨ | ਸੁ | ਮ | ਤਿ | ਜਿ | ਤੁ |
| ਸਂ | ਨ | ਧ | ਪ | ਮਗ | ਪਮ | ਗਰ | ਸ | | | | | | | | |
| ਪ੍ਰੀ | ੲ | ਤ | ਮੁ | ਪਾੲ | ੲੲ | ਵਉ | ੲ | | | | | | | | |
| x | | | | ੨ | | | | 0 | | | | 3 | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | ਅੰਤਰਾ | | ਪ | ਪ | ਪ | ਪ | ਧ | - | ਨ | - |
| | | | | | | | | ਕ | ਵ | ਨ | ਸੈ | ਜੋ | ੲ | ਗ | ੲ |
| ਸਂ | ਸਂਸਂ | ਸਂ | ਸਂ | ਸਂ | ਰਂ | ਸਂ | - | ਸਂ | ਸਂ | ਸਂ | ਨ | ਧ | ਨ | ਸਂ | ਰਂ |
| ਮਿ | ਲਉ | ਪ੍ਰ | ਭ | ਅ | ਪ | ਨੇ | ੲ | ਪ | ਲੁ | ਪ | ਲੁ | ਨਿ | ਮ | ਖ | ੲ |
| ਸਂ | ਨ | ਧ | ਪ | ਮਗ | ਪਮ | ਗਰ | ਸ | | | | | | | | |
| ਸ | ਦਾ | ਹ | ਰਿ | ਜੲ | ਪੲ | ਨੇੲ | ੲ | | | | | | | | |
| x | | | | 2 | | | | 0 | | | | 3 | | | |

ਤਾਨਾ :-

1(ਸਮ ਤੋਂ)ਸਰ ਗਰ ਗਪ ਮਗ ਰਗ ਪਮ ਗਰ ਸ- ੨(ਸਮ ਤੋਂ)ਸਰ ਗਪ ਧਪ ਮਗ ਰਗ ਪਮ ਗਰ ਸ-
3(ਸਮ ਤੋਂ) ਗਰ ਗਪ ਧਪ ਮਗ ਪਮ ਗਰ ਗਮ ਰਸ 4.(ਸਮ ਤੋਂ) ਗਪ ਧਨ ਸਨ ਧਪ ਮਗ ਪਮ ਗਰ ਸ-
5.(੯ਵੀਂ ਮਾਤਰ ਤੋਂ)ਗਪ ਧਨ ਸਂਰਂ ਸਨ ਧਪ ਮਗ ਮਰ ਸ- ਗਪ ਧਨ ਸਂਰਂ ਗਂਰਂ ਸਂਨ ਧਪ ਮਗ ਰਸ
6. ਧਨ ਸਂਨ ਧਪ ਮਗ ਰਗ ਪਮ ਗਰ ਸ- ਧਨ ਸਂਰਂ ਸਂਨ ਧਪ ਮਗ ਪਮ ਗਰ ਸ-

ਨੋਟ : ਤਾਨਾਂ ਦਾ ਰਿਆਜ਼ ਸਵਰਾਂ ਨੂੰ ਗਾ ਕੇ ਹੀ ਕਰਨਾ ਹੈ ਪਰ ਸ਼ਬਦ ਗਾਇਨ ਸਮੇਂ ਆਕਾਰ ਵਿਚ ਆ ਆ ਦੁਆਰਾ ਹੀ ਗਾਇਨ ਕਰਨਾ ਹੈ।



www.AKJ.Org

# ਖ਼ਬਰਨਾਮਾ

### ਕੁਦਰਤ ਦੀ ਅਨੋਖੀ ਖੇਡ -

ਗੁਜਰਾਤ ਵਿਚ ਭੁਚਾਲ ਨਾਲ ਭਿਆਨਕ ਤਬਾਹੀ ਭੁਜ (ਕੱਛ) 'ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੋ ਕਰ ਰਹਿਆ।' ੨੬ ਜਨਵਰੀ ਨੂੰ ਬ੍ਰਹਿਮੰਡ ਦੇ ਸਭ ਤੋਂ ਵੱਡੇ ਖਿਡਾਰੀ ਵੱਲੋਂ ਖੇਡੀ ਕੁਝ ਪਲਾ ਦੀ ਖੇਡ ਨਾਲ ਹੀ ਗੁਜਰਾਤ ਦਾ ਘੁੱਗ ਵਸਦਾ ਕਸਬਾ ਭੁਜ ਅਤੇ ਹੋਰ ਨਾਲ ਲੱਗਦੇ ਨਗਰ ਮਲਬੇ ਦੇ ਢੇਰਾ ਵਿਚ ਬਦਲ ਗਏ। ਅਣਗਿਣਤ ਬੱਚੇ ਬੁੱਢੇ ਜਵਾਨ ਮਰਦ ਤੀਵੀਆ ਇਸ ਖੇਡ ਦੇ ਲੇਖੇ ਲੱਗ ਗਏ। ਅੱਜ ਮਹੀਨਾ ਬੀਤ ਜਾਣ ਤੇ ਵੀ ਇਸ ਤਬਾਹੀ ਵਿਚ ਹੋਏ ਜਾਨੀ ਨੁਕਸਾਨ ਦਾ ਅੰਦਾਜ਼ਾ ਨਹੀਂ ਲੱਗ ਸਕਿਆ ਤੇ ਸਾਇਦ ਕਦੀ ਵੀ ਨਾ ਲੱਗ ਸਕੇ। ਸਰਕਾਰੀ ਤੌਰ ਤੇ ਆਕੜੇ ਜੋ ਮਰਜੀ ਦੱਸੀ ਜਾਣ ਪਰ ਹੋਈ ਤਬਾਹੀ ਦਾ ਨਜ਼ਾਰਾ ਇਹਨਾਂ ਅੰਕੜਿਆਂ ਨੂੰ ਆਸਾਨੀ ਨਾਲ ਝੁਠਲਾ ਦੇਣ ਦੇ ਸਮਰੱਥ ਹੈ।

ਵਿਗਿਆਨਕ ਯੁੱਗ ਵਿਚ ਵਿਗਿਆਨੀਆਂ ਵੱਲੋਂ ਕੀਤੇ ਜਾਦੇ ਅਨਿਕ ਪ੍ਰਕਾਰੀ ਦਾਅਵਿਆ ਨੂੰ ਝੁਠਲਾਉਂਦਿਆ ਕੁਦਰਤ ਨੇ ਆਪਣੀ ਹੋਂਦ ਦਰਸਾਉਂਦਿਆਂ ਜੋ ਇਹ ਖੇਡ ਵਰਤਾਈ ਉਸ ਭਿਆਨਕ ਤਬਾਹੀ ਵਿਚ ਵੀ ਕੁਦਰਤ ਨੇ ਕੁਝ ਅਨੋਖੇ ਚਮਤਕਾਰ ਵਿਖਾਉਂਦਿਆਂ ਕੁਝ ਅਜਿਹੇ ਪ੍ਰਾਣੀਆ ਦੇ ਬਚਣ ਦੇ ਪ੍ਰਮਾਣ ਵੀ ਦਿੱਤੇ ਹਨ ਜੋ ਕਈ ਕ੍ਰਈ ਦਿਨਾ ਤੱਕ ਮਲਬੇ ਹੇਠ ਦੱਬੇ ਰਹਿਣ ਤੋਂ ਬਾਅਦ ਵੀ ਬਚਾ ਲਏ ਗਏ। ਅਜਿਹੇ ਹੀ ਇਕ ਚਮਤਕਾਰ ਵਿਚ 30 ਜਨਵਰੀ ਨੂੰ ਲੱਗਭਗ ੭੬ ਘੰਟੇ ਪਿਛੋਂ 8 ਮਹੀਨੇ ਦੇ ਬੱਚੇ ਮੁਰਤਜਾ ਅਲੀ ਨੂੰ ਬੀ. ਐਸ. ਐਫ. ਦੇ ਕਰਮਚਾਰੀਆਂ ਨੇ ਉਸਦੀ ਮਾਂ ਦੀ ਬੁਰੀ ਤਰ੍ਹਾਂ ਗਲੀ ਸੜੀ ਲਾਸ਼ ਦੀ ਗੋਦ ਵਿਚ ਸਹੀ ਸਲਾਮਤ ਕੱਢ ਲਿਆ।

ਇਸ ਭੁਚਾਲ ਦੇ ਸਿਕਾਰ ਲੋਕਾ ਵਾਸਤੇ ਜਿਥੇ ਦੇਸ਼ ਵਿਦੇਸ਼ ਚੋਂ ਰਾਹਤ ਸਮੱਗਰੀ ਭੇਜੀ ਗਈ ਉਥੇ ਪੰਜਾਬੀਆ ਨੇ ਆਪਣੀਆਂ ਪੁਰਾਣੀਆ ਰਵਾਇਤਾਂ ਨੂੰ ਕਾਇਮ ਰੱਖਦਿਆਂ ਹੋਇਆਂ ਇਸ ਵਾਰੀ ਵੀ ਵੱਧ ਚੜ ਕੇ ਭਰਪੂਰ ਹਿਸਾ ਪਾਇਆ। ਬਹੁਤ ਸਾਰੀਆਂ ਸਿੱਖ ਸੰਸਥਾਵਾਂ ਵੱਲੋਂ ਲਗਾਤਾਰ ਰਾਹਤ ਸਮੱਗਰੀ ਭੇਜਣ ਦਾ ਸਿਲਸਿਲਾ ਜਾਰੀ ਹੈ। ਸ਼੍ਰੋਮਣੀ ਗੁ ਪ੍ਰਬੰਧਕ ਕਮੇਟੀ ਨੇ ਵੀ ਮੁੱਖ ਮੰਤਰੀ ਰਲੀਫ ਫੰਡ ਵਿਚ 11 ਲੱਖ ਰੁਪਏ ਦਾ ਯੋਗਦਾਨ ਪਾਇਆ।

### ਸ੍ਰੀਨਗਰ ਵਿਚ 8 ਸਿੱਖਾਂ ਦੀ ਗੋਲੀਆਂ ਮਾਰ ਕੇ ਹੱਤਿਆ

ਸ੍ਰੀ ਨਗਰ, 3 ਫਰਵਰੀ-ਇਥੇ ਅੱਜ ਹਥਿਆਰਬੰਦ ਨੌਜਵਾਨਾ ਨੇ ਅਨ੍ਹੇਵਾਹ ਗੋਲੀਆਂ ਚਲਾ ਕੇ ਘੱਟੋ-ਘੱਟ 8 ਸਿੱਖ ਮਾਰ ਦਿੱਤੇ ਅਤੇ ਇਕ ਔਰਤ ਸਮੇਤ 5* ਹੋਰਾਂ ਨੂੰ ਫੱਟੜ ਕਰ ਦਿੱਤਾ। 5 ਵਿਅਕਤੀ ਮੌਕੇ 'ਤੇ ਹੀ ਮਾਰੇ ਗਏ ਤੇ 3 ਹਸਪਤਾਲ ਜਾ ਕੇ ਦਮ ਤੋੜ ਗਏ।

ਸਰਕਾਰੀ ਰਿਪੋਟ ਅਨੁਸਾਰ ਕੁਝ ਬੰਦੂਕਧਾਰੀਆਂ ਨੇ ਸੱਤ ਵਜੇ ਦੇ ਕਰੀਬ ਰਾਮਬਾਗ ਨੇੜੇ ਮਹਿਜੂਰ ਨਗਰ ਅਤੇ ਅੱਧਾ ਘੰਟਾ ਬਾਅਦ ਜਵਾਹਰ ਨਗਰ ਵਿਚ ਸਿੱਖਾਂ 'ਤੇ ਗੋਲੀਆ ਚਲਾਈਆ। ਸੀਨੀਅਰ ਪੁਲੀਸ ਅਧਿਕਾਰੀ ਮੌਕੇ 'ਤੇ ਪੁੱਜ ਗਏ। ਪਿਛਲੇ ਸਾਲ ਮਾਰਚ ਮਹੀਨੇ ਛੱਤੀ ਸਿੰਘਪੁਰ ਵਿਚ 35 ਸਿੱਖਾਂ ਦੇ ਕਤਲੇਆਮ ਦੀ ਘਿਨਾਉਣੀ ਘਟਨਾ ਤੋਂ ਬਾਅਦ ਕਸ਼ਮੀਰ ਵਿਚ ਸਿੱਖਾ ਤੇ ਯੋਜਨਾਬੱਧ ਹਮਲਿਆ ਦੀ ਇਹ ਦੂਜੀ ਘਟਨਾ ਹੈ।

### ਆਰ. ਐਸ. ਐਸ. ਦੂਜੇ ਧਰਮਾ 'ਚ ਦਖਲ ਦੇਣ ਤੋਂ ਗੁਰੇਜ ਕਰੇ-ਟੋਹੜਾਂ

ਖਰੜ, 12 ਜਨਵਰੀ - ਆਰ. ਐਸ. ਐਸ ਨੂੰ ਦੂਸਰੇ ਧਰਮਾ ਵਿਚ ਦਖਲ ਦੇ ਕੇ ਕੌਮੀ ਭਾਈਚਾਰੇ ਨੂੰ ਦੋ-ਫਾੜ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ ਅਤੇ ਕੌਮੀ ਭਾਈਚਾਰੇ ਦੀ ਸਲਾਮਤੀ ਹਿਤ ਔਰੰਗਜ਼ੇਬੀ ਨਕਸ਼ੇ ਕਦਮਾ 'ਤੇ ਚੱਲਣਾ ਬੰਦ ਕਰਨਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਕਈ ਪ੍ਰਾਪਤੀ ਹੋਣ ਵਾਲੀ ਨਹੀਂ। ਮੰਦਿਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਗੁਰ-ਮਰਿਆਦਾ ਦੀ ਘੋਰ ਉਲੰਘਣਾ ਹੈ ਜਿਸ ਨੂੰ ਕਿ ਭਾਵੇਂ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ ਪ੍ਰੰਤੂ ਇਸ ਫੈਸਲੇ ਨੂੰ ਪੱਕੇ ਤੌਰ 'ਤੇ ਤਿਆਗਣ ਦਾ ਫੈਸਲਾ ਨਹੀਂ ਕੀਤਾ ਗਿਆ। ਇਹ ਵਿਚਾਰ ਸਰਬਹਿੰਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅੱਜ 'ਪੰਥਕ ਚੇਤਨਾ ਜਗਾਓ ਪੰਜਾਬ ਬਚਾਓ' ਨਾਅਰੇ ਅਧੀਨ ਇਥੇ ਗੁਰਦੁਆਰਾ ਅਕਾਲੀ ਦਫਤਰ ਵਿਖੇ ਕੀਤੀ ਗਈ ਪ੍ਰਭਾਵਸ਼ਾਲੀ ਅਕਾਲੀ ਕਾਨਫਰੰਸ ਨੂੰ ਸੰਬੋਧਨ ਕਰਦਿਆ ਪ੍ਰਗਟਾਏ।

### ਸਾਕਾ ਨੀਲਾ ਤਾਰਾ ਸਬੰਧੀ ਜਾਂਚ ਕਮਿਸ਼ਨ ਬਣਾਇਆ ਜਾਵੇ।

ਮਜੀਠਾ ਉਪਚੋਣ ਸਮੇਂ ਚੋਣ ਪ੍ਰਚਾਰ ਦੌਰਾਨ ਨੀਲਾ ਤਾਰਾ ਸਾਕੇ ਦੇ ਉਠੇ ਮੁਦੇ ਸਬੰਧੀ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ, ਇੰਦਰਜੀਤ ਸਿੰਘ ਜੇਜੀ, ਲੈਫ: ਜਨਰਲ ਕੇ. ਐਸ. ਗਿਲ ਅਤੇ ਬੀਬੀ ਬਲਜੀਤ ਕੌਰ ਨੇ ਸਾਝੇ ਬਿਆਨ 'ਚ ਕਿਹਾ ਹੈ ਕਿ ਇਹ ਖੁਸੀ ਦੀ ਗੱਲ ਹੈ ਕਿ ਮੁੱਖ ਮੰਤਰੀ ਸ: ਪ੍ਰਕਾਸ ਸਿੰਘ ਬਾਦਲ ਨੇ ਨੀਲਾ ਤਾਰਾ ਸਾਕੇ ਦਾ ਮੁੱਦਾ ਫੇਰ ਉਠਾਇਆ ਹੈ ਆਸ ਕੀਤੀ ਜਾ ਸਕਦੀ ਹੈ ਕਿ ਉਹ ਇਸ ਮੁੱਦੇ ਤੇ ਇਕ ਕਮਿਸ਼ਨ ਆਫ ਇਨਕੁਆਰੀ ਸਥਾਪਿਤ ਕਰਨਗੇ। ਉਨ੍ਹਾਂ ਕਿਹਾ ਕਿ ਇਹ ਕਮਿਸ਼ਨ ਬਣਾਉਣਾ ਹੋਰ ਵੀ ਜਰੂਰੀ ਹੋ ਗਿਆ ਹੈ ਕਿਉਂਕਿ ਕਈ ਚੋਟੀ ਦੇ ਸਰਕਾਰੀ ਅਫਸਰਾ ਨੇ ਸਰਕਾਰੀ ਸਫੇਦ ਪੱਤਰ ਨਾਲੋਂ ਮਾਰੇ ਗਏ ਫਟੱੜ ਹੋਏ ਅਤੇ ਹਿਰਾਸਤ ਵਿਚ ਲਏ ਵਿਅਕਤੀਆਂ ਦੀ ਗਿਣਤੀ ਬਹੁਤ ਵੱਧ ਦੱਸੀ ਹੈ। ਸਰਕਾਰੀ ਆਂਕੜੇ ਅਨੁਸਾਰ 83 ਫੌਜੀ ਮਾਰੇ ਗਏ ਅਤੇ ੨48 ਜਖ਼ਮੀ ਹੋਏ । ਸਿੱਖਾ ਵਿਚੋਂ 4੨ ਮਾਰੇ ਗਏ 88 ਫਟੱੜ ਹੋਏ ਅਤੇ 15੭੨ ਹਿਰਾਸਤ ਵਿਚ ਲਏ ਦੱਸੇ ਗਏ।



www.AKJ.Org

# ਰਿਸ਼ਤੇ ਨਾਤੇ

ਨੋਟ :–1 ਕੇਵਲ ਅੰਮ੍ਰਿਤਧਾਰੀ ਅਤੇ ਸਾਕਾਹਾਰੀ ਬੱਚਿਆਂ ਲਈ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ ਜੀ। ੨ ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ। 3. ਇਸ਼ਤਿਹਾਰ ਛਪਵਾਉਣ ਲਈ ਬੱਚਿਆਂ ਅਤੇ ਆਪਣੇ ਬਾਰੇ ਪੂਰਾ ਵੇਰਵਾ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 4. ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ 3 ਰੁ. ਦੀ ਟਿਕਟ ਲੱਗਿਆ ਬਗੈਰ ਕਿਸੇ ਐਡਰੈਸ ਤੋਂ Envelopoe ਨਾਲ ਭੇਜੋ ਜੀ।

LD-347 24 ਸਾਲਾ ਕੱਦ 5'3'', +2 ਤੋਂ ਬਾਅਦ D.H.M.S. ਪਾਸ ਡਾਕਟਰ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-348 30 ਸਾਲਾ ਕੱਦ 5'2'' B.A 1st ਤੋਂ ਬਾਅਦ B.E.M.S. ਪਾਸ ਡਾਕਟਰ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-349 28 ਸਾਲਾ ਕੱਦ 5'2'', B.A. ਤੋਂ ਬਾਅਦ D.H.M.S. ਡਾਕਟਰ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-350 25 ਸਾਲਾ ਕੱਦ 170 ਸੈਂਟੀਮੀਟਰ ਵੈਦ ਵਿਸ਼ਾਰਧ (B.A. ਦੇ ਬਰਾਬਰ) ਤੋਂ ਬਾਅਦ ਦੋ ਸਾਲਾ ਆਯੁਰਵੈਦਿਕ ਰਤਨ ਦਾ ਕੋਰਸ ਪਾਸ ਆਪਣਾ ਕਾਰੋਬਾਰ ਕਰਦੇ 15000ਰੁ: ਮਾਸਿਕ ਆਮਦਨੀ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਲੜਕੇ ਦੇ ਖੱਬੇ ਹੱਥ ਵਿਚ ਮਾਮੂਲੀ ਨੁਕਸ ਹੈ। ਵਿਆਹ ਬਗੈਰ ਦਹੇਜ ਅਤੇ ਬਿਨਾ ਕਿਸੇ ਜਾਤਪਾਤ ਦੇ ਵਿਚਾਰ ਤੋਂ । ਕੀਰਤਨੀ ਬੀਬੀ ਨੂੰ ਪਹਿਲ ।

LD-351 27 ਸਾਲਾ ਕੱਦ 5'6'', B.A.1ST ਪਾਸ S.G.P.C. ਵਿਚ ਕਲਰਕ 3000ਰੁ: ਮਾਸਿਕ ਤਨਖਾਹ ਵਾਲੇ ਸਿੰਘ ਲਈ ਕੋਈ ਡਿਪਲੋਮਾ ਹੋਲਡਰ ਜਾਂ ਸਰਵਿਸ ਕਰਦੀ ਬੀਬੀ ਦੀ ਲੋੜ ਹੈ।

LD-352 46 ਸਾਲਾ ਕੱਦ 5'7'' ਇੰਜੀਨੀਅਰ ਪਾਸ ਸਿੰਘ ਲਈ ਕੁਆਰੀ ਵਿਧਵਾ ਜਾਂ ਤਲਾਕਸ਼ੁਦਾ ਜੀਵਨ ਸਾਥਣ ਦੀ ਲੋੜ ਹੈ। ਇਕ ਦੋ ਬੱਚਿਆਂ ਵਾਲੀ ਜਾਂ ਬਾਝ ਬੀਬੀ ਵੀ ਵਿਚਾਰਨਯੋਗ ।

LD-353 39 ਸਾਲਾ ਕੱਦ 5'4'', B.COM. ਪਾਸ ਪ੍ਰਾਈਵੇਟ ਫਰਮ ਵਿਚ ਅਕਾਉਂਟੈਂਟ 4000ਰੁ: ਮਾਸਿਕ ਤਨਖਾਹ ਵਾਲੇ ਦੁਹਾਜੂ ਸਿੰਘ ਲਈ ਯੋਗ ਕੁਆਰੀ ਜਾਂ ਵਿਧਵਾ ਬੀਬੀ ਦੀ ਲੋੜ ਹੈ। ਸਿੰਘ ਦੀ ਪਹਿਲੀ ਪਤਨੀ ਚੜ੍ਹਾਈ ਕਰ ਗਈ ਹੈ। ੨ ਸਾਲ ਤੋਂ ਘੱਟ ਬੱਚੇ ਵਾਲੀ ਵੀ ਵਿਚਾਰਨਯੋਗ।

LD-354 25 ਸਾਲਾ ਕੱਦ 5'5'' M.A.(PUBLIC ADM.) B.SC. ਅਤੇ P.G.I. ਤੋਂ 4 ਸਾਲਾ ਡਿਗਰੀ ਪਾਸ P.G.I ਵਿਚ ਸਟਾਫ ਨਰੱਸ ਦੀ ਨੌਕਰੀ ਕਰ ਰਹੀ 10000ਰੁ: ਮਾਸਿਕ ਤਨਖਾਹ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-355 25 ਸਾਲਾ ਕੱਦ 5'2'' B.A. ਪਾਸ, M.A.(POL.SC.) ਅਤੇ B.ED. ਕਰ ਰਹੀ ਘਰੇਲੂ ਦਸਤਕਾਰੀ ਐਮਬਰਾਇਡਰੀ, ਟੇਲਰਿੰਗ ਅਤੇ ਇੰਟੀਰੀਅਰ ਡੈਕੋਰੇਸ਼ਨ ਵਿਚ ਨਿਪੁੰਨ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-356 26 ਸਾਲਾ ਕੱਦ 5'10'' ਮੈਟ੍ਰਿਕ ਪਾਸ ਆਪਣੀ ਕੱਪੜੇ ਦੀ ਦੁਕਾਨ ਅਤੇ ਟੇਲਰਿੰਗ ਦਾ ਕੰਮ ਚੰਗੀ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-357 27 ਸਾਲਾ ਕੱਦ 5'6'' ਸੀਨੀਅਰ ਸੈਕੰਡਰੀ ਪੰਜਾਬੀ ਸਟੈਨੋ, ਆਈ. ਟੀ. ਆਈ. ਅਤੇ ਵੈਲਡਰ ਦਾ ਕੋਰਸ ਪਾਸ ਆਪਣੀ ਬਿਜਲੀ ਦੀ ਦੁਕਾਨ ਚੰਗੀ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-358 26 ਸਾਲਾ ਕੱਦ 5'6'' ਇਲੈਕਟ੍ਰੋ ਹੋਮਿਓਪੈਥੀ ਪਾਸ ਆਪਣੀ ਪ੍ਰੈਕਟਿਸ ਕਰ ਰਹੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-359 24 ਸਾਲਾ ਕੱਦ 5', ਬੀ. ਏ. ਪਾਸ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-360 23 ਸਾਲਾ ਕੱਦ 5'4'' ਮੈਟ੍ਰਿਕ ਪਾਸ ਬਿਬੇਕੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-361 23 ਸਾਲਾ ਕੱਦ 5'7'' B.Sc ਪਾਸ ਅਤੇ ਕੰਪਿਊਟਰ ਕੋਰਸ ਕਰ ਰਹੇ ਆਪਣਾ ਕੰਮ ੨0,000 ਰੁ: ਮਾਸਿਕ ਆਮਦਨ ਵਾਲੇ ਸਿੰਘ ਲਈ ਵਿਦੇਸ਼ ਵਿਚ ਸਥਾਪਤ ਯੋਗ ਬੀਬੀ ਦੀ ਲੋੜ ਹੈ।

LD-362 ਸਾਢੇ 20 ਸਾਲਾ ਕੱਦ 5'5'' ਬੀ. ਏ. ਫਾਈਨਲ ਕਰ ਰਹੀ ਦੋ ਸਾਲਾ ਸਿਖ ਮਿਸ਼ਨਰੀ ਕੋਰਸ ਪਾਸ ਅਖੰਡ ਪਾਠੀ, ਕੀਰਤਨੀ, ਸ਼ਿਲਾਈ ਕਢਾਈ ਅਤੇ ਘਰੈਲੂ ਕੰਮਾਂ ਵਿਚ ਨਿਪੁੰਨ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ। ਵਿਆਹ ਸਾਦਾ ਗੁਰਮਤਿ ਅਨੁਸਾਰ ਅਤੇ ਮੰਗ ਰਹਿਤ ਕਰਨ ਦੇ ਚਾਹਵਾਨ ਹੀ ਸੰਪਰਕ ਕਰਨ।

LD-363 22 ਸਾਲਾ ਕੱਦ 5'6'' +੨ ਪਾਸ ਗਿਆਨੀ ਕਰ ਰਹੇ ਸਿੱਖ ਮਿਸ਼ਨਰੀ ਕੋਰਸ ਪਾਸ ਅਤੇ ਤਬਲਾ ਕੀਰਤਨ ਦੇ ਮਾਹਿਰ ਸਿੰਘ ਲਈ ਘੱਟੋ-ਘੱਟ +੨ ਪਾਸ ਬੀਬੀ ਦੀ ਲੋੜ ਹੈ।



www.AKJ.Org

# ਆਉਣ ਵਾਲੇ ਸਮਾਗਮ

### ਬਟਾਲਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਦਿਵਸ ਸੁਹੇਲਾ ਕੀਰਤਨ

ਭਾਈ ਪਿਆਰਾ ਸਿੰਘ ਦੇ ਗ੍ਰਹਿ ਵਿਖੇ ਐਸ. ਸੀ. ਐਫ 43 ਸਾਸ਼ਤਰੀ ਨਗਰ, ਨੇੜੇ ਕਾਹਨੂੰਵਾਲ ਰੋਡ ਬਟਾਲਾ ਵਿਖੇ 18 ਮਾਰਚ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦਿਵਸ ਸੁਹੇਲਾ ਕੀਰਤਨ ਹੋਵੇਗਾ।

ਗੁ: ਮਾਤਾ ਗੰਗਾ ਜੀ ਬਾਬਾ ਬਕਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੨੨ ਤੋਂ ੨5 ਮਾਰਚ ਤੱਕ। ੨4 ਮਾਰਚ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੁਪਹਿਰ ਤੱਕ ਕੀਰਤਨ ਹੋਵੇਗਾ। ਸ਼ਾਮ ਸੋਦਰ ਉਪਰੰਤ ਰੈਣ ਸਬਾਈ ਕੀਰਤਨ ਆਰੰਭ ਹੋਵੇਗਾ। ਹੋਰ ਜਾਣਕਾਰੀ ਲਈ ਡਾ:ਪ੍ਰਭਜੀਤ ਸਿੰਘ 01853-4554੨ ਪਰਮਜੀਤ ਸਿੰਘ 0185੨-২74੨੨ ਨਾਲ ਸੰਪਰਕ ਕਰੋ।

### ਕੁਰਾਲੀ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

੨੨ ਮਾਰਚ ਸਵੇਰੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ ਹਰਗੋਬਿੰਦਗੜ੍ਹ ਸਾਹਿਬ, ੨3 ਮਾਰਚ ਸ਼ਾਮ 6 ਤੋਂ ੭30 ਕੀਰਤਨ ਗੁ ਬਡਾਲੀ ਵਿਖੇ, ੨4 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ ਸ਼ਾਮ ਸੋਦਰ ਉਪਰੰਤ ਆਰੰਭ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

ਨੋਟ:- ਸ੍ਰੀ ਅਖੰਡ ਪਾਠ ਸਾਹਿਬ ਕੀਰਤਨ, ਅੰਮ੍ਰਿਤ ਸੰਚਾਰ, ਲੰਗਰ, ਰਹਾਇਸ਼ ਆਦਿ ਸਾਰਾ ਸਮਾਗਮ ਗੁ ਹਰਗਬਿੰਦਗੜ੍ਹ ਸਾਹਿਬ ਵਿਖੇ ਹੀ ਹੋਵੇਗਾ।

### ਮੋਹਾਲੀ ਵਿਖੇ ਸ੍ਰੀ ਗੁਰੂ ਹੰਰਿਹਾਏ ਸਾਹਿਬ ਦੇ ਗੁਰ ਗੱਦੀ ਦਿਵਸ ਦਾ ਸਲਾਨਾ ਕੀਰਤਨ ਸਮਾਗਮ

ਗੁ ਅੰਬ ਸਾਹਿਬ ਫੇਜ਼ 8 ਮੋਹਾਲੀ ਵਿਖੇ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਹੋ ਰਹੇ ਹਨ। ਆਓ ਦੀਦਾਰ ਬਖਸ਼ੋ ਜੀ

੨੨ ਮਾਰਚ ਸਵੇਰੇ 5 ਤੋਂ 8 ਕੀਰਤਨ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਅੰਬ ਸਾਹਿਬ ਵਿਖੇ

ਸਾਮ 6 ਤੋ ੭ ਸੋਦਰ ਅਤੇ ਕੀਰਤਨ ਗੁ. ਸਾਚਾ ਧਨ ਫੇਜ਼ 3ਬੀ ਮੋਹਾਲੀ ਵਿਖੇ।

੨3 ਮਾਰਚ ਸ਼ਾਮ ਸੋਦਰ ਅਤੇ ਕੀਰਤਨ ਗੁ ਸਿੰਘ ਸਭਾ ਫੇਜ਼ 11 ਮੋਹਾਲੀ ਵਿਖੇ।

੨4 ਮਾਰਚ ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦੁਪਹਿਰ 1 ਵਜੇ ਤੱਕ ਕੀਰਤਨ ਗੁ. ਅੰਬ ਸਾਹਿਬ ਵਿਖੇ, ਸ਼ਾਮ 7 ਵਜੇ ਆਰੰਭ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

ਬਾਹਰੋਂ ਆਉਣ ਵਾਲੀਆਂ ਸੰਗਤਾ ਦੀ ਰਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਅੰਬ ਸਾਹਿਬ ਵਿਖੇ ਹੀ ਹੋਵੇਗਾ।

ਨੋਟ:- ਇਹ ਸਾਰਾ ਸਮਾਗਮ ਸ਼ਹੀਦ ਸਿੰਘਾਂ ਦੀਆ ਬੇਸਹਾਰਾ ਸਿੰਘਣੀਆਂ, ਬੱਚਿਆ ਅਤੇ ਬਜ਼ੁਰਗਾ ਦੀ ਸੰਭਾਲ ਕਰ ਰਹੇ 'ਗੁਰ ਆਸਰਾ ਟਰਸਟ' ਨੂੰ ਸਮਰਪਤ ਹੈ।

ਦਾਸਰੇ :- ਅਖੰਡ ਕੀਰਤਨੀ ਜੱਥਾ ਅਤੇ ਪ੍ਰਬੰਧਕ ਕਮੇਟੀ ਗੁ: ਅੰਬ ਸਾਹਿਬ ਮੋਹਾਲੀ।

### ਗੁ: ਬਿਬੇਕਸਰ ਸਾਹਿਬ (ਅੰਮ੍ਰਿਤਸਰ) ਵਿਖੇ ਰੈਣ ਸਬਾਈ ਕੀਰਤਨ 31 ਮਾਰਚ ਰਾਤ ਨੂੰ।

### ਯਮੁਨਾਨਗਰ ਵਿਖੇ ਸਾਲਾਨਾ ਪਾਠ ਅਤੇ ਕੀਰਤਨ ਸਮਾਗਮ

੨0 ਤੋਂ ੨4 ਮਾਰਚ ਤੱਕ ਧੁਰ ਕੀ ਬਾਣੀ ਦੇ ਆਨੰਦ ਪਾਠ ਹੋਣਗੇ। ੨4 ਮਾਰਚ ਸਵੇਰੇ ਦਿਵਸ ਸੁਹੇਲਾ ਕੀਰਤਨ ਅਤੇ ਰਾਤ ਰੈਣਿ ਸਬਾਈ ਕੀਰਤਨ ੨5 ਮਾਰਚ ਸਵੇਰੇ ਭੋਗ ਰੈਣਿ ਸਬਾਈ ਕੀਰਤਨ ਸਵੇਰੇ 6 ਵਜੇ ਅਸਥਾਨ 6੨, ਈਸਟ ਭਾਟੀਆ ਨਗਰ ਯਮੁਨਾਨਗਰ ਵਿਖੇ।

### ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵੈਸਾਖੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

11 ਅਪ੍ਰੈਲ ੨001 ਸਵੇਰੇ 5 ਤੋਂ 8 ਸ੍ਰੀ ਆਸਾ ਕੀ ਵਾਰ ਗੁ ਬਿਬੇਕਸਰ ਸਾਹਿਬ ਵਿਖੇ।

ਸਾਮ ਸੋਦਰ ਚੌਂਕੀ ਅਤੇ ਕੀਰਤਨ ਗੁ: ਬਾਬਾ ਦੀਪ ਸਿੰਘ ਸ਼ਹੀਦ ਗੰਜ ਵਿਖੇ।

1੨ ਅਪ੍ਰੈਲ ੨001 ਸਵੇਰੇ 6 ਤੋਂ 11 ਕੀਰਤਨ ਗੁ. ਰਾਮਸਰ ਸਾਹਿਬ ਵਿਖੇ।

ਸਾਮ ਸੋਦਰ ਚੌਂਕੀ ਅਤੇ ਕੀਰਤਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ।

13 ਅਪ੍ਰੈਲ ੨001 ਸਵੇਰੇ ਸ੍ਰੀ ਆਸਾ ਕੀ ਵਾਰ ਉਪ੍ਰੰਤ ਕੀਰਤਨ ਦੁਪਹਿਰ ਤੱਕ ਗੁ: ਬਿਬੇਕਸਰ ਸਾਹਿਬ ਵਿਖੇ।

ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਬਿਬੇਕਸਰ ਸਾਹਿਬ ਵਿਖੇ।

ਅੰਮ੍ਰਿਤ ਸੰਚਾਰ :- 13 ਅਪ੍ਰੈਲ ਸ਼ਾਮ 7 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਣਗੇ।

ਰਿਹਾਇਸ਼ ਤੇ ਲੰਗਰ :- ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਅਤੇ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਸਕੂਲ ਰਾਮਸਰ ਰੋਡ ਵਿਖੇ ਹੋਵੇਗਾ। ਪੁੱਛਗਿਛ :- ਭੁਪਿੰਦਰ ਸਿੰਘ ਅੰਮ੍ਰਿਤਸਰ ਫੋਨ ੨੨0੨77

ਦਾਸਰੇ :- ਅਖੰਡ ਕੀਰਤਨੀ ਜੱਥਾ ਅੰਮ੍ਰਿਤਸਰ।।



www.AKJ.Org

## ਕੈਨੇਡਾ ਵਿਖੇ ਅਖੰਡ ਕੀਰਤਨ ਸਮਾਗਮ

11 ਤੋਂ 20 ਮਈ ਤੱਕ ਅਦੁਤੀ ਅਖੰਡ ਕੀਰਤਨ ਸਮਾਗਮ ਵੈਨਕੂਵਰ ਦੇ ਇਲਾਕੇ ਵਿਖੇ ਉਲੀਕੇ ਗਏ ਹਨ। ਆਪਣੇ ਦੀਦਾਰ ਅਤੇ ਚਰਨ ਧੂੜੀ ਬਖ਼ਸ਼ ਕੇ ਕਿਰਤਾਰਥ ਕਰੋ ਜੀ।

11 ਤੋਂ 13 ਮਈ ਸ੍ਰੀ ਅਖੰਡ ਪਾਠ ਸਾਹਿਬ ਭਾਈ ਹਰਮੇਲ ਸਿੰਘ ਜੀ ਦੇ ਘਰ 6825. 126th st. ਸਰੀ ਵਿਖੇ ਹੋਵੇਗਾ।
13 ਮਈ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸਵੇਰੇ ਖਾਲਸਾ ਸਕੂਲ ਸਰੀ 6933. 124th st ਵਿਖੇ ਹੋਵੇਗਾ।
14 ਮਈ ਸ਼ਾਮ ਨੂੰ ਅਖੰਡ ਕੀਰਤਨ ਗੁ: ਸਿੰਘ ਸਭਾ 8125. 132 st ਸਰੀ ਵਿਖੇ ਹੋਵੇਗਾ।
15 ਮਈ ਸ਼ਾਮ ਨੂੰ ਅਖੰਡ ਕੀਰਤਨ ਗੁ: ਸੁਖ ਸਾਗਰ 345 wood st. New West ਵਿਖੇ ਹੋਵੇਗਾ।
16 ਮਈ ਸ਼ਾਮ ਨੂੰ ਅਖੰਡ ਕੀਰਤਨ ਗੁ: ਕਲਗੀਧਰ ਦਰਬਾਰ 2548 cyril st.(Abbotsford) ਵਿਖੇ।
17 ਮਈ ਸ਼ਾਮ ਨੂੰ ਅਖੰਡ ਕੀਰਤਨ ਖ਼ਾਲਸਾ ਦਰਬਾਰ ਵੈਨਕੂਵਰ 390 East 61 Ave. ਵਿਖੇ।
18 ਮਈ ਸ਼ਾਮ ਨੂੰ ਅਖੰਡ ਕੀਰਤਨ ਖਾਲਸਾ ਸਕੂਲ ਸਰੀ 6933.124th St.ਵਿਖੇ।
19 ਮਈ ਸਵੇਰੇ ਆਸਾ ਦੀ ਵਾਰ ਖਾਲਸਾ ਸਕੂਲ ਸਰੀ 6933.124th St.ਵਿਖੇ।
19 ਮਈ ਸ਼ਾਮ 4 ਵਜੇ ਅੰਮ੍ਰਿਤ ਸੰਚਾਰ ਸਮਾਗਮ ਖਾਲਸਾ ਸਕੂਲ ਸਰੀ 6933.124th St.ਵਿਖੇ।
19 ਤੋਂ 20 ਮਈ ਰੈਣ ਸਬਾਈ ਕੀਰਤਨ ਖਾਲਸਾ ਸਕੂਲ ਸਰੀ 6933.124th St.ਵਿਖੇ।
15 ਮਈ ਤੋਂ 20 ਮਈ ਤੱਕ ਅੰਮ੍ਰਿਤ ਵੇਲੇ ਦਾ ਨਿਤਨੇਮ ਅਤੇ ਆਸਾ ਦੀ ਵਾਰ ਦਾ ਕੀਰਤਨ ਖਾਲਸਾ ਸਕੂਲ ਸਰੀ ਵਿਖੇ ਸਵੇਰੇ 3 ਤੋਂ 7.30 ਤੱਕ।

ਰਿਹਾਇਸ਼ ਅਤੇ ਵਧੇਰੇ ਜਾਣਕਾਰੀ ਲਈ :
ਮਾਸਟਰ ਉਜਾਗਰ ਸਿੰਘ (604)590-6900 ਭਾਈ ਕੁਲਵਿੰਦਰ ਸਿੰਘ (604)502-8419

## U.K. ਵਿਖੇ ਆਉਣ ਵਾਲੇ ਕੀਰਤਨ ਸਮਾਗਮ


1) Hola Mahalla Rehnsbhai - Saturday 17 March, Gurdwara Singh Sabha, Grant Street, Bradford. (8. 30 - 9.30pm Gatka Display, then Rahnsbahi till 5 am.) Contact :- Bhai Kamaljit Singh, 01274 729302. Coaches from Southall\ Slough and Birmingham.
2) Shabad Guru Samagam - Saturday 31 March, Gurdwara Singh Sabha, Cross Road, Coventry. 7 pm - 12 am. (Prof. Darshan Singh Ji, Subhedar Dharam Singh Sujon will give their vichar on Shabad Guru and RSS problems will be highlighted to the Sangat. Bhai Rama Singh's book translated in English will be released here also.) Coaches from Southall\ Slough & Bradford. Contact - Bhai Onkar Singh, 01753 572737.
3)13 April 6pm.- 12 am Kirtan Gurdwara Singh Sabha Cross Road COVENTRY CV6 5GP
4)14 April 6pm.-12am Kirtan Gurdwara Singh Sabha 10 Grant Street BRADFORD BD3 9HD
5)15 April 10am -2am Kirtan Gurdwara Sahib192 Chapeltown Road LEEDSLS7 4HZ
6)15 April 7pm -12am Kirtan Guru Harkrishan Gurdwara12 Sherbourne Street MANCHESTER
7)16 April 6pm -10pm Kirtan Guru Tegh BahadurGurd.East Park Road LEICESTER LE5 4QA
8)17 April 6pm.- 9pm Kirtan Singh SabhaGurdwara 31 Pear TreeStreet DERBY DE23 8PP
9)18 April 5.30am -8am Asa Di VaarGuru NanakGurdwaraEdward Street West Bromwich
10)18 April 6pm -9pm Kirtan Guru NanakGurdwara Edward Street West Bromwich
11)19 April 5.30am -8amAsa Di Vaar Guru NanakGurdwara Walsall RoadWillenhall
12)19 April 6pm -9pm Kirtan Guru NanakGurdwaraWalsall Road Willenhall
13)20 April 6pm -12am Kirtan Singh Sabha. 722-730 High Road Seven KingsI LFORD IG3 8SX
14)21 April 7.30pm -6am Rainsbai & Amrit SancharGurdwara Singh 2-8 Park Avenue SOUTHALL UB1 3AG

Coach transport will be coming from all main UK towns.Benti to Sangat worldwide to give their Darshan at the Samagam, all rasidency will be taken care of for them.
More Details :- Onkar Singh 0044(0)1753 57273 Hardip Singh 0044(0)1753 530624
AKJ (UK) web site - WWW.AKJ.ORG. UK


www.AKJ.Org

R.N.I. No. 12245/66 SURA-MARCH 2001 P.O. Regd. No. PB/0169/2001

# ਸਿੱਖ ਪੰਥ ਦੇ ਮਹਾਨ ਸੂਰਬੀਰ ਯੋਧੇ



ਅਣਖੀਲੇ ਸੂਰਬੀਰ ਸ਼ਹੀਦ ਊਧਮ ਸਿੰਘ ਜਿਨ੍ਹਾਂ ਨੇ 1919 ਦੇ ਜਲਿਆਂਵਾਲਾ ਬਾਗ ਦੇ ਕਤਲੇਆਮ ਦਾ ਬਦਲਾ ਲੈਣ ਲਈ ਇੰਗਲੈਂਡ ਜਾ ਕੇ 13 ਮਾਰਚ 1940 ਨੂੰ ਮਾਈਕਲ ਓਡਵਾਇਰ ਨੂੰ ਮਾਰ ਕੇ ਆਪਣਾ ਪ੍ਰਣ ਨਿਭਾਇਆ



ਮਹਾਨ ਯੋਧੇ ਅਕਾਲੀ ਫੂਲਾ ਸਿੰਘ ਜੀ, ਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਆਪ ਜੀ 14 ਮਾਰਚ 1823 ਈ: ਨੂੰ ਨੁਸ਼ਹਿਰੇ ਨੇੜੇ ਟੀਰੀ [illegible]ੀ ਪਹਾੜੀ ਤੇ ਸ਼ਹੀਦ ਹੋਏ।



www.AKJ.Org